ੴ

ਮਾਸਕ ਪੱਤਰ

# ਸੂਰਾ

## ਅੰਮ੍ਰਿਤਸਰ

### ਬਾਬਾ ਦੀਪ ਸਿੰਘ ਜੀ ਸ਼ਹੀਦ

ਲਕੀਰ ਖਿਚ ਕੇ ਸਿਰਲੱਥ ਯੋਧਿਆਂ ਨੂੰ ਅਗੇ ਵਧਣ ਲਈ ਲਲਕਾਰਦੇ ਹੋਏ



ਬਾਬਾ ਜੀ ਦੀ ਤਿੰਨ-ਸੌ-ਸਾਲਾ ਜਨਮ-ਸ਼ਤਾਬਦੀ 26-27 ਜਨਵਰੀ ਨੂੰ ਪੰਥਕ ਪਧਰ ਤੇ ਮਨਾਈ ਗਈ

ਫ਼ਰਵਰੀ ੧੯੮੨ February 1982

www.AKJ.Org

# ਤਤਕਰਾ


| | | |
|---|---|---|
| ਮਾਹਾ ਮਾਹ ਮੁਮਾਰਖੀ | ਬਸੰਤੁ ਮਹਲਾ ੧ | ੩ |
| ,, ,, ,, ਅਰਥ ਵਿਆਖਿਆ | ਸੰਪਾਦਕ | ੪ |
| ਨਾਭੀ ਕਮਲ ਦੀ ਖੇਡ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੬ |
| ਖ਼ਾਲਸਾ ਧਰਮ ਵਿਚ ਸੁਚਮ | ,, ,, ,, | ੧੨ |
| ਧੰਨਵਾਦ ਅਤੇ ਚੜ੍ਹਦੀ ਕਲਾ ਲਈ ਅਰਜ਼ੋਈ | ਜਥੇਦਾਰ ਅਖੰਡ ਕੀਰਤਨੀ ਜਥਾ | ੧੩ |
| ਪੂਰਬ ਜਨਮ ਕੇ ਮਿਲੇ ਸੰਜੋਗੀ | ਪ੍ਰੋਫੈਸਰ ਠਾਕਰ ਸਿੰਘ ਜੀ | ੧੪ |
| ਸ਼ਰੋਮਣੀ ਸ਼ਹੀਦ ਬਾਬਾ ਦੀਪ ਸਿੰਘ ਜੀ | ਸ: ਗੁਰਚਰਨ ਸਿੰਘ ਜੀ ਟੌਹਰਾ | ੧੮ |
| ਕੇਸਕੀ (ਭੱਟ-ਵਹੀਆਂ ਚੋਂ) | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ | ੨੨ |
| ਅਸੰਖ ਸੂਰ ਮੁਹ ਭਖ ਸਾਰ | ਪ੍ਰੋਫੈਸਰ ਹਰੀ ਸਿੰਘ ਜੀ | ੨੪ |
| ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਕੀਰਤਨੀ ਜਥਾ | ਸ: ਰਵੇਲ ਸਿੰਘ ਜੀ ਐਡਵੋਕੇਟ | ੨੬ |
| ਬੀਰ ਬਹਾਦਰ, ਖ਼ਾਲਸਾ | ਪ੍ਰੋ: ਪਿਆਰਾ ਸਿੰਘ ਜੀ ਪਦਮ | ੨੮ |
| ਸਿਗਰਟ ਕੰਪਨੀ ਵਲੋਂ ਸਿਖੀ ਦਾ ਘੋਰ ਅਪਮਾਨ | ਅਕਾਲੀ ਪੱਤ੍ਰਕਾ | ੩੩ |
| ਘਾਲਿ ਖਾਇ ਕਿਛੁ ਹਥਹੁ ਦੇਇ | ਜਥੇਦਾਰ ਅਖੰਡ ਕੀਰਤਨੀ ਜਥਾ | ੩੪ |
| ਸਿੱਖੀ ਤੇ ਹਮਲੇ, ਧੱਕਾ ਤੇ ਬੇਇਨਸਾਫ਼ੀ ਕਿਉਂ ? | ਅਕਾਲੀ ਪੱਤ੍ਰਕਾ | ੩੫ |
| ਹਲਤੁ ਪਲਤੁ ਦੋਵੈ ਗਏ | ਬੀਬੀ ਦਲਜੀਤ ਕੌਰ ਜੀ | ੩੭ |
| ਅਨੋਖਾ ਸ਼ਹੀਦ ਬਾਬਾ ਦੀਪ ਸਿੰਘ ਜੀ | ਬੇਦੀ ਲਾਲ ਸਿੰਘ ਜੀ ਸਾਹਿਤਕਾਰ | ੩੯ |
| ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ | ਲਾ: ਧਨੀ ਰਾਮ ਜੀ ਚਾਤ੍ਰਿਕ | ੪੦ |


## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸਰਦਾਰਨੀ ਅਮਰਜੀਤ ਕੌਰ ਸੰਭਲਪੁਰ | ਸ. ਪ੍ਰਵਿੰਦਰ ਸਿੰਘ ਦੇ M.B B S. ਪਾਸ ਕਰਨ ਦੀ ਖੁਸ਼ੀ ਵਿਚ | 5-00 |
| ਸ. ਸਰਦੂਲ ਸਿੰਘ ਸਹਾਰਨਪੁਰ | 'ਸੂਰਾ' ਦੀ ਚੜ੍ਹਦੀ ਕਲਾ ਲਈ | 11-00 |
| ਗੁਪਤ ਦਾਨ | ,, ,, ,, | 21-00 |
| ਸ: ਮਨਮੋਹਨ ਸਿੰਘ ਬੱਲ ਬੈਂਸ | ,, ,, ,, | 10-00 |
| ਸ: ਕੁਲਦੀਪ ਸਿੰਘ ਖ਼ਾਲਸਾ ਜਮੂ | ਭੁਜੰਗੀ ਹਰਪ੍ਰੀਤ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ | 11-00 |
| ਸ: ਬਿਲਹਾਰ ਸਿੰਘ ਰਿਚਮੰਡ ਕੈਨੇਡਾ | 'ਸੂਰਾ' ਦੀ ਚੜ੍ਹਦੀ ਕਲਾ ਲਈ | 168-00 |
| ਸ: ਗੁਰਬਖਸ਼ ਸਿੰਘ ਜੀ ਸਿਵੀਆ ਯੂ | ,, ,, ,, | 20-00 |
| ਭਾ: ਬਲਦੇਵ ਸਿੰਘ ਤਲਵਾੜਾ | ,, ,, ,, | 11-00 |
| ਸ: ਜੁਗਿੰਦਰ ਸਿੰਘ ਲਖਨਊ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਬੀਬੀ ਅੰਮ੍ਰਿਤ ਕੌਰ ਮਦਾਨ ਕਾਲਗਰੀ ਕੈਨੇਡਾ | ਸੂਰਾ' ਦੀ ਚੜ੍ਹਦੀ ਕਲਾ ਲਈ | 42-50 |
| ਸ: ਹਰਨੇਕ ਸਿੰਘ ਕਾਲਗਰੀ ਕੈਨੇਡਾ | ,, ,, ,, | 24-00 |
| ਸ: ਅਵਤਾਰ ਸਿੰਘ ਯੂ.ਕੇ. | ,, ,, ,, | 215-00 |
| ਭਾ: ਜਰਨੈਲ ਸਿੰਘ ਯੂ.ਕੇ. | ,, ,, ,, | 36-50 |
| ਸ: ਮਸਤਾ ਸਿੰਘ ਜੀ ਡਰਬੀ ਯੂ ਕੇ. | ,, ,, ,, | 174-00 |
| ਸ: ਦਯਾ ਸਿੰਘ ਵੀਰ ਪ੍ਰਵਾਰ ਲੁਧਿਆਣਾ | ਵੀਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 51-00 |
| ਸ: ਸੁਰਿੰਦਰ ਸਿੰਘ ਪੁਰੀ ਫੀਰੋਜ਼ਪੁਰ ਕੈਂਟ | ਪਿਤਾ ਦੀ ਮਾਲਾਨਾ ਬਰਸੀ ਤੇ | 11-00 |


ਲਾਕਟ ਪ੍ਰਿੰਟਰਜ਼. ਬਾਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੨ ੮੨ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ : 51847 ਘਰ 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


**ਸਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦
ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੬ ਫ਼ਰਵਰੀ ੧੯੮੨ ਅੰਕ ੨


# ਮਾਹਾ ਮਾਹ ਮੁਮਾਰਖੀ

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥੧॥
ਭੋਲਿਆ ਹਉਮੈ ਸੁਰਤਿ ਵਿਸਾਰਿ ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ਰਹਾਉ॥
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੩॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥
ਨਾਨਕ ਹਰੇ ਨ ਸੂਕਈ ਜਿ ਗੁਰਮੁਖਿ ਰਹੇ ਸਮਾਇ ॥੪॥੧॥

ਬਸੰਤੁ ਮਹਲਾ ੧, ਪੰਨਾ ੧੧੬੮




www.AKJ.Org

# ਮਾਹਾ ਮਾਹ ਮੁਮਾਰਖੀ

**ਪਦ ਅਰਥ** :–ਮਾਹਾ ਮਾਹ–ਮਾਘ ਦਾ ਮਹੀਨਾ । ਮੁਮਾਰਖੀ—ਵਧਾਈ ਯੋਗ, ਖ਼ੁਸ਼ੀਆਂ ਭਰਿਆ । ਸਦਾ ਬਸੰਤੁ--ਸਦਾ ਖੇੜਾ, ਵਿਗਾਸ । ਪਰਫੜੁ–ਖਿੜ ਜਾ । ਸਮਾਲਿ–ਸੰਭਾਲਣਾ ਕਰ, ਚੇਤੇ ਕਰ । ਸੋਇ ਗੋਬਿੰਦੁ–ਉਸ ਗੋਬਿੰਦ ਪ੍ਰਭੂ ਨੂੰ ।੧।

ਗੁਣ ਵਿਚਿ ਗੁਣੁ–ਗੁਣਾਂ ਵਿਚੋਂ ਗੁਣ, ਉਤਮ ਗੁਣ, ਪ੍ਰਭੂ ਦਾ ਨਾਮ । ਸਾਰਿ–ਸੰਭਾਲ, ਚੇਤੇ ਕਰ ।੧।ਰਹਾਉ।

ਪੇਡੁ--ਬ੍ਰਿਛ । ਸਾਖਾ–ਟਾਹਣੀਆਂ । ਹਰੀ–ਹਰਿ ਨਾਮ । ਪਤ–ਪੱਤਰ । ਪਰਾਪਤਿ—ਪ੍ਰਾਪਤੀ, ਪ੍ਰਭੂ ਦੀ ਪ੍ਰਾਪਤੀ ।ਚੂਕਾ ਮਨ ਅਭਿਮਾਨੁ–ਮਨ ਦਾ ਹੰਕਾਰ ਮੁਕਣਾ, ਭਾਵ ਗਰੀਬੀ ਜਾਂ ਨਿਮਰਤਾ ।੨।

ਅਖੀ–ਅਖੀਂ, ਅਖਾਂ ਰਾਹੀਂ । ਕੰਨੀ—ਕੰਨੀਂ, ਕੰਨਾਂ ਰਾਹੀਂ । ਮੁਖਿ—ਮੂੰਹ ਦੁਆਰਾ । ਪਤਿ–ਇੱਜ਼ਤ । ਸਹਜਿ--ਸਹਿਜ ਵਿਚ, ਅਡੋਲ ਅਵਸਥਾ ਵਿਚ ।੩।

ਮਾਹਾ–ਮਾਹਾਂ, ਮਹੀਨਿਆਂ । ਰੁਤੀ–ਰੁਤੀਂ, ਰੁਤਾਂ ਨੇ । ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ ।੪।

**ਅਰਥ** :–(ਹੇ ਮਨ !) ਉਨ੍ਹਾਂ (ਨਾਮ-ਰਸੀਆਂ) ਲਈ ਮਾਘ ਦਾ ਮਹੀਨਾ ਖੁਸ਼ੀਆਂ ਭਰਿਆ ਹੈ ਜਿਨ੍ਹਾਂ ਲਈ (ਨਾਮ ਜਪ ਜਪ ਕੇ) ਸਦਾ ਖੇੜਾ ਖਿੜਿਆ ਰਹਿੰਦਾ ਹੈ । (ਤਾਂ ਤੇ) ਹੇ ਮੇਰੇ ਚਿਤ ! ਤੂੰ ਵੀ ਉਸ ਗੋਬਿੰਦ ਪ੍ਰਭੂ ਨੂੰ ਸਦਾ ਸਦਾ ਚੇਤੇ ਕਰ (ਅਤੇ ਇਉਂ ਸਿਮਰ ਸਿਮਰ ਕੇ) ਖੇੜੇ ਵਿਚ ਆ ।੧।

ਹੇ ਭੋਲੇ ਮਨ ! ਹਉਮੈ ਵਾਲੀ ਸੁਰਤੀ ਵਿਸਾਰ ਦੇ । ਹੇ ਮਨ ! ਹਉਮੈ ਨੂੰ ਆਪਣੇ ਅੰਦਰੋਂ ਮਾਰ ਦੇ ਅਤੇ ਬੀਚਾਰ ਕਰ, ਫਿਰ ਗੁਣਾਂ ਵਿਚੋਂ ਜੋ ਉਤਮ ਗੁਣ ਹੈ, (ਭਾਵ ਨਾਮ ਜਪਣਾ), ਉਸ ਨਾਮ ਨੂੰ ਚੇਤੇ ਕਰ ।੧।ਰਹਾਉ।

(ਹਉਮੈ-ਤਿਆਗ ਵਾਲੇ) ਜੋ ਕਰਮ ਹਨ, ਉਹ ਹਨ (ਇਸ ਖੇੜੇ ਦਾ ਮੂਲ) ਬ੍ਰਿਛ । ਹਰਿ-ਨਾਮ ਦਾ ਸਿਮਰਨ (ਇਸ ਬ੍ਰਿਛ ਦੀਆਂ) ਹਰੀਆਂ ਟਾਹਣੀਆਂ ਹਨ । (ਫਿਰ ਇਨ੍ਹਾਂ ਟਾਹਣੀਆਂ ਵਿਚੋਂ) ਫੁਲ ਜੋ ਨਿਕਲਣਾ ਹੈ ਉਹ ਧਰਮ ਹੈ (ਅਤੇ ਅੰਤ ਇਸ ਦਾ) ਫਲ ਪ੍ਰਭੂ ਦਾ ਗਿਆਨ ਪ੍ਰਾਪਤ ਹੋਣਾ ਹੈ । (ਹਉਮੈ ਤਿਆਗ ਵਾਲੇ ਕਰਮਾਂ ਦੇ ਇਸ ਬ੍ਰਿਛ ਦੇ) ਪੱਤਰ ਪ੍ਰਭੂ ਦੀ ਪ੍ਰਾਪਤੀ ਹੈ ਅਤੇ ਹੰਕਾਰ ਗੁਆਉਣਾ, ਨਿਮਰਤਾ ਧਾਰਨੀ (ਇਹ ਇਸ ਬ੍ਰਿਛ ਦੀ) ਸੰਘਣੀ ਛਾਂ ਹੈ ।੨।

ਅੱਖਾਂ ਦੁਆਰਾ ਪ੍ਰਭੂ ਦੀ ਕੁਦਰਤ ਦੇਖਣੀ, ਕੰਨਾਂ ਰਾਹੀਂ (ਉਸ ਕੁਦਰਤ ਵਿਚੋਂ) ਉਸ ਪ੍ਰਭੂ ਦੀ ਆਵਾਜ਼ ਸੁਣਨੀ ਅਤੇ ਮੂੰਹ ਦੁਆਰਾ ਸਿਮਰਨਾ ਹੈ ਸੱਚ ਸਰੂਪ ਵਾਹਿਗੁਰੂ ਨੂੰ ਤੇ ਉਸ ਦੇ ਨਾਮ ਨੂੰ । ਇਉਂ (ਵਾਹਿਗੁਰੂ ਦੀ ਦਰਗਾਹ ਵਿਚ) ਪਤਿ–ਇੱਜ਼ਤ-ਪ੍ਰਾਪਤੀ ਦਾ ਪੂਰਨ ਨਾਮ-ਧਨ ਮਿਲ ਜਾਂਦਾ ਹੈ ਅਤੇ ਸਹਿਜ-ਰੰਗ ਵਿਚ ਧਿਆਨ ਜੁੜ ਜਾਂਦਾ ਹੈ ।੩।

ਮਹੀਨਿਆਂ ਤੇ ਰੁੱਤਾਂ ਨੇ (ਤਾਂ ਸਦਾ) ਆਉਂਦੇ ਰਹਿਣਾ ਹੈ, (ਪਰ ਹਉਮੈ ਰਹਿਤ ਨਾਮ ਜਪਣ ਦੇ) ਕਰਮ ਕਮਾ ਕੇ ਵੇਖੋ (ਜੁ ਕੈਸਾ ਅੰਦਰ ਬਾਹਰ ਖਿੜ ਜਾਂਦਾ ਹੈ) । ਹੇ ਨਾਨਕ ! (ਜਿਹੜੇ ਪ੍ਰਾਣੀ) ਸਤਿਗੁਰੂ ਦੀ ਸ਼ਰਨ ਪੈ ਕੇ (ਨਾਮ ਵਿਚ) ਸਮਾਏ ਰਹਿੰਦੇ ਹਨ, ਉਹ ਐਸੇ ਹਰੇ ਹੁੰਦੇ ਹਨ ਕਿ ਫਿਰ ਕਦੇ ਵੀ ਨਹੀਂ ਸੁਕਦੇ ।੪।੧।



www.AKJ.Org

**ਵਿਆਖਿਆ**–ਮਾਘ ਦਾ ਮਹੀਨਾ ਚੜ੍ਹਦਾ ਹੈ। ਰਾਗੀ ਸਿੰਘ ਬਸੰਤ ਰਾਗ ਦੀਆਂ ਧੁਨਾਂ ਅਲਾਪਦੇ ਹਨ। ਠੰਢ ਪਾਲੇ ਨਾਲ ਸੁਕੇ ਸੜੇ ਬ੍ਰਿਛਾਂ ਵਿਚ ਹਰਿਆਵਲ ਅਉਂਦੀ ਹੈ। ਬਸੰਤ ਰੁਤ ਦਾ ਪ੍ਰਵੇਸ਼ ਹੁੰਦਾ ਹੈ। ਅਜਿਹੇ ਸਮੇਂ ਸੰਸਾਰੀ ਜੀਵ ਖੁਸ਼ੀਆਂ, ਰੰਗ-ਰਲੀਆਂ ਮਨਾਉਂਦੇ ਹਨ। ਪਰ ਇਹ ਸਭ ਕੁਝ ਥੋੜ-ਚਿਰਾ ਹੈ, ਰੁੱਤ ਦਾ ਮੇਵਾ ਹੈ। ਇਹ ਸਦੀਵੀ ਖੁਸ਼ੀ ਨਹੀਂ।

ਸਤਿਗੁਰੂ ਪਾਤਸ਼ਾਹ ਜੀਵ ਨੂੰ ਪ੍ਰੇਰਨਾ ਦਿੰਦੇ ਹਨ ਕਿ ਜੇ ਸਦੀਵੀ ਖੇੜਾ ਤੇ ਬਸੰਤ ਰੰਗ ਮਾਣਨਾ ਚਾਹੁੰਦਾ ਹੈਂ ਤਾਂ ਵਾਹਿਗੁਰੂ ਦੇ ਨਾਮ-ਰੰਗਾਂ ਵਿਚ ਸਦਾ ਜੁੜਿਆ ਰਹੁ। ਇਨ੍ਹਾਂ ਨਾਮ-ਰੰਗਾਂ ਵਿਚ ਜੁੜੇ ਰਹਿਣ ਨਾਲ ਹੀ ਇਹ ਖੇੜੇ ਦੇ ਰੰਗ ਹਰ ਸਮੇਂ ਬਣੇ ਰਹਿਣਗੇ, ਬਾਰ੍ਹਾਂ ਮਹੀਨੇ ਹੀ ਬਸੰਤ ਖਿੜੀ ਰਹੇਗੀ।

ਪਰ ਨਾਲ ਹੀ ਰਹਾਉ ਦੀ ਤੁਕ ਵਿਚ ਖ਼ਬਰਦਾਰ ਕਰਦੇ ਹਨ ਕਿ ਹਉਮੈ ਸੂਖਮ ਰੂਪ ਵਿਚ ਹਰ ਥਾਂ ਵਿਆਪ ਰਹੀ ਹੈ। ਜਿਥੇ "ਹਉਮੈ ਦੀਰਘ ਰੋਗੁ ਹੈ" ਉਥੇ ਨਾਲ ਹੀ ਇਹ ਭੀ ਕਿਹਾ ਹੈ ਕਿ––

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥ (੫੬੦)

ਸੋ ਸਦੀਵੀ ਖੇੜਾ ਪ੍ਰਾਪਤ ਕਰਨ ਲਈ ਜਿਥੇ ਨਾਮ ਜਪਣਾ ਹੈ ਉਥੇ ਇਸ ਹਉਮੈ ਦੇ ਦੀਰਘ ਰੋਗ ਤੋਂ ਬਚਣਾ ਭੀ ਅਤੀ ਜ਼ਰੂਰੀ ਹੈ। ਜਿਵੇਂ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਟਿਕ ਸਕਦੀਆਂ ਤਿਵੇਂ ਹੀ ਇਕੋ ਹਿਰਦੇ ਵਿਚ ਹਉਮੈ ਤੇ ਨਾਮ ਦੋਵੇਂ ਨਹੀਂ ਵਸ ਸਕਦੇ। ਸੋ ਨਾਮ ਜਪਣ ਲਈ ਸੁਰਤੀ ਬਿਰਤੀ ਦੇ ਨੇੜੇ ਹਉਮੈ ਫਟਕਣ ਨਹੀਂ ਦੇਣੀ ਚਾਹੀਦੀ। ਇਹ ਹਉਮੈ ਐਸੀ ਬੁਰੀ ਬਲਾ ਹੈ ਕਿ ਜੀਵ ਇਸ ਨੂੰ ਤਿਆਗਣ ਦਾ ਬਾਹਰੋਂ ਤਾਂ ਜਤਨ ਵੀ ਕਰਦਾ ਹੈ, ਪਰ ਇਹ ਬਲਾ ਸੂਖਸ਼ਮ ਰੂਪ ਵਿਚ ਅੰਦਰ ਇਉਂ ਆ ਵਸਦੀ ਹੈ ਕਿ ਪਤਾ ਹੀ ਨਹੀਂ ਲਗਣ ਦਿੰਦੀ ਅਤੇ ਸਾਰੀ ਕੀਤੀ ਨਾਮ ਕਮਾਈ ਤੇ ਪਾਣੀ ਫੇਰ ਦਿੰਦੀ ਹੈ।

ਇਸੇ ਕਰਕੇ ਸੱਚੇ ਪਾਤਸਾਹ ਜੀਵ ਨੂੰ ਕਹਿ ਰਹੇ ਹਨ ਕਿ ਹਉਮੈ ਵਾਲੀ ਸੁਰਤ ਵਿਸਾਰਨੀ ਅਤਿ ਜ਼ਰੂਰੀ ਹੈ। ਨਾਮ ਜਪਣ ਦਾ ਮਹਾਨ ਉਤਮ ਗੁਣ ਤਾਂ ਹੀ ਧਾਰਨ ਕੀਤਾ ਜਾ ਸਕੇਗਾ ਜੇ ਹਉਮੈ ਨੂੰ ਮਾਰ ਕੇ ਅੰਦਰੋਂ ਕਢ ਦਿਤਾ ਜਾਏ ਅਤੇ ਇਸ ਦੀ ਵੀਚਾਰ ਕੀਤੀ ਜਾਏ।

ਸਦੀਵੀ ਖੇੜਾ ਦੇਣ ਵਾਲੇ ਬ੍ਰਿਛ ਦਾ ਮੂਲ-ਮੁਢ ਉਹ ਕਰਮ ਹਨ ਜਿਨ੍ਹਾਂ ਰਾਹੀਂ ਹਉਮੈ ਦਾ ਤਿਆਗ ਕੀਤਾ ਜਾਏ। ਹਉਮੈ ਤਿਅਗਣ ਨਾਲ ਹੀ ਇਸ ਮੂਲ-ਮੁਢ ਵਿਚੋਂ ਨਾਮ-ਸਿਮਰਨ ਦੀਆਂ ਹਰੀਆਂ ਟਾਹਣੀਆਂ ਨਿਕਲਣਗੀਆਂ, ਧਰਮ ਰੂਪ ਫੁਲ ਲਗਣਗੇ ਅਤੇ ਪ੍ਰਭੂ ਦੇ ਗਿਆਨ ਦਾ ਫਲ ਪ੍ਰਾਪਤ ਹੋਵੇਗਾ। ਇਸ ਤਰ੍ਹਾਂ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਗੀ ਅਤੇ ਇਹ ਪ੍ਰਾਪਤੀ ਹੀ ਇਸ ਬ੍ਰਿਛ ਦੇ ਪੱਤਰ ਹਨ। ਹਉਮੈ ਦੇ ਅਭਾਵ ਹੋਣ ਨਾਲ ਅੰਦਰ ਗਰੀਬੀ ਵਸ ਜਾਏਗੀ ਅਤੇ ਨਿਮਰਤਾ ਅਵੇਗੀ। ਇਹ ਨਿਮਰਤਾ ਤੇ ਗਰੀਬੀ, ਇਸ ਖੇੜਾ ਬਖ਼ਸ਼ਣ ਵਾਲੇ ਬ੍ਰਿਛ ਦੀ ਸੰਘਣੀ ਛਾਂ ਹਵੇਗੀ, ਜਿਸ ਹੇਠ ਹਰ ਕੋਈ ਆ ਕੇ ਸੁਖ ਤੇ ਸ਼ਾਂਤੀ ਪ੍ਰਾਪਤ ਕਰਗਾ।

ਇਸ ਮਸਕੀਨੀ ਅਵਸਥਾ ਵਿਚ ਨਾਮ-ਰੰਗ-ਰਤਿਆਂ, ਫਿਰ ਹਰ ਪਾਸੇ ਪ੍ਰਭੂ ਦੀ ਕੁਦਰਤ ਪਸਰੀ ਦਿਸੇਗੀ, ਕੁਦਰਤ ਦੇ ਜ਼ੱਰੇ ਜ਼ੱਰੇ ਵਿਚੋਂ ਪ੍ਰਭੂ-ਨਾਮ ਦੀ ਬਾਣੀ ਸੁਣੀਵੇਗੀ ਅਤੇ ਮੂੰਹ ਵਿਚੋਂ ਸਦਾ ਸੱਚੇ ਨਾਮ ਦਾ ਉਚਾਰਨ ਹੁੰਦਾ ਰਹੇਗਾ। ਇਉਂ ਸਹਜ ਅਵਸਥਾ ਵਿਚ ਜੁੜੇ ਰਹਿਣ ਨਾਲ ਉਹ ਪੂਰਾ ਧਨ ਪ੍ਰਾਪਤ ਹੋ ਜਾਵੇਗਾ ਜਿਸ ਨਾਲ ਸਚੇ ਸਾਹਿਬ ਦੀ ਦਰਗਾਹ ਵਿਚ ਪਤਿ ਆਬਰੋ ਮਿਲਦੀ ਹੈ।

ਅਖ਼ੀਰ ਵਿਚ ਸਾਹਿਬ ਕਹਿੰਦੇ ਹਨ ਕਿ ਸੂਰਜ ਰਾਹੀਂ ਚਲ ਰਹੇ ਮਹੀਨੇ ਅਤੇ ਰੁਤਾਂ ਨੇ ਤਾਂ ਆਉਂਦੇ ਜਾਂਦੇ ਰਹਿਣਾ ਹੈ ਅਤੇ ਮੁੜ ਮੁੜ ਤਬਦੀਲੀ ਹੁੰਦੀ ਰਹਿਣੀ ਹੈ: ਕਦੇ ਗਰਮੀ ਕਦੇ ਸਰਦੀ, ਕਦੇ ਬਹਾਰ ਤੇ ਕਦੇ ਬਰਸਾਤ, ਜਿਨ੍ਹਾਂ ਦੇ ਅਸਰ ਹੇਠ ਜੀਵ ਇਕ-ਰਸ ਨਹੀਂ ਰਹਿ ਸਕਦੇ, ਪਰ ਸਚੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਜਿਹੜੇ ਪ੍ਰਾਣੀ ਗਰੀਬੀ ਤੇ ਨਿਮਰਤਾ ਵਿਚ ਸਤਿਗੁਰੂ ਦੀ ਸ਼ਰਨੀ ਪੈ ਕੇ ਨਾਮ ਵਿਚ ਸਦਾ ਲੀਨ ਰਹਿੰਦੇ ਹਨ ਉਹ ਸਦਾ ਇਕ-ਰਸ ਵਿਗਾਸ ਵਿਚ, ਖੇੜੇ ਵਿਚ ਰਹਿੰਦੇ ਹਨ, ਉਹ ਕਦੇ ਸੁਕਦੇ ਕੁਮਲਾਉਂਦੇ ਨਹੀਂ।



www.AKJ.Org

# ਨਾਭੀ ਕਮਲ ਦੀ ਖੇਡ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## ਚਰਨ ਕਮਲਾਂ ਦਾ ਜਾਪ ਤੇ ਹਿਰਦੇ ਅੰਦਰ ਪ੍ਰਕਾਸ਼–

ਜੋਤਿ-ਰਸ ਵਿਗਾਸ ਦੇ ਬਿਜਲ ਉਡਗਨੀ ਟਿਮਟਿਮਾਉ ਵਿਚ ਵਾਹਿਗੁਰੂ ਦੇ ਚਰਨ ਕੰਵਲ ਜਦੋਂ ਨਾਭ ਕੰਵਲ ਅੰਤਰਿ ਅਸਥਿਤ ਹੋ ਜਾਂਦੇ ਹਨ ਤਾਂ ਊਰਧ ਕਮਲ ਨਾਭੀ ਦਾ ਉਲਟ ਕੇ ਸਿਧਾ ਹੋ ਜਾਂਦਾ ਹੈ ਤਾਂ ਇਥੇ ਜੋਤਿ ਮੰਤਰ ਦੇ ਰਸ ਵਿਗਾਸ ਕਰਿ ਮਨ ਭੀ ਅਸਥਿਰ ਹੋਇ ਰਹਿੰਦਾ ਹੈ ਅਤੇ ਸੁਰਤਿ ਸੁਆਸ ਨੂੰ ਜਿਤਨਾ ਚਿਰ ਚਾਹੋ, ਨਾਭਿ ਪਵਨ ਦੇ ਰਸ ਥੱਰਾਟ ਵਿਚ ਅਟਕਾਈ ਰਖੋ ਅਤੇ ਚਰਨ ਕੰਵਲਾਂ ਦੀ ਮਉਜ ਮਾਣੀ ਚੱਲੋ। ਇਥੇ ਫਿਰ ਅੰਤਰ ਅਸਥਿਤੀ ਚਰਨ ਕੰਵਲ, ਪੂਜਾ ਪ੍ਰਾਣ ਕੇ ਆਧਾਰ ਬਣ ਜਾਂਦੇ ਹਨ, ਚਰਨ ਕੰਵਲ ਦੀ ਜੋਤਿ-ਕਿਰਣੀ-ਬੀਜਲ-ਦਮਕ ਵਿਚ ਅਕਹਿ ਰਸ ਪ੍ਰਾਣ ਪਵਨ ਦਾ ਆਧਾਰ ਬਣ ਜਾਂਦਾ ਹੈ। ਚਰਨ ਕੰਵਲ, ਦਾਮਨੀ ਚਮਤਕਾਰ ਦਾ ਲਹਿਰਾ ਮਾਰ ਕੇ ਪ੍ਰਾਣਾਂ ਵਿਚ ਹੀ ਰਮ ਜਾਂਦੇ ਹਨ। ਏਥੇ ਪ੍ਰਾਣਾਂ ਦੀ ਆਕ੍ਰਖਨ (ਖਿੱਚ) ਇਹੀ ਹੁੰਦੀ ਹੈ ਕਿ ਚਰਨ ਕੰਵਲਾਂ ਦੀ ਹੀ ਪੂਜਾ ਕਰੀ ਜਾਈਏ। ਇਸ ਸਾਰੇ ਉਪਰਲੇ ਭਾਵ ਨੂੰ ਇਸ ਹੇਠਲੇ ਗੁਰਵਾਕ ਦੀ ਇਕ-ਤੁਕੀ ਪੰਗਤੀ ਨੇ ਅਜਚਰਜ ਗੁੰਫਣੀ ਵਿਚ ਗੁੰਫਿਆ ਹੈ :–

ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ ॥੧॥੭੦॥੯੩॥

[ਸਾਰੰਗ ਮਹਲਾ ੫, ਪੰਨਾ ੧੨੨੨

ਗੁਰਮਤਿ ਨਾਮ ਦੀ ਜੋਤਿ-ਮੰਤਰ-ਪਾਰਸ-ਸ਼ਕਤਿ ਵਾਲੀ ਧੁਨੀ ਅਤੀ ਅਸਚਰਜ ਅਤੇ ਅੱਤ ਮੀਠੀ, ਅੱਤ ਨੀਕੀ ਹੈ। ਇਹ ਅਨੂਪਮ ਦਿਬ ਸਰੂਪਮ ਚਰਨ ਕੰਵਲਾਂ ਨੂੰ ਰਿਦੰਤਰ ਪ੍ਰਗਟਾਵਨਹਾਰੀ ਹੈ।

ਏਹਨਾਂ ਦਿਬਯ ਜੋਤੀਯ ਸਚੜੇ ਚਰਨਾਂ, ਚਰਨ ਕੰਵਲਾਂ ਦੇ ਰਿਦੰਤਰਿ ਪ੍ਰਗਟ ਹੋਣ ਪਰ ਨਾਮ ਅਭਿਆਸ ਦਾ ਰਹੱਸ ਜੋਤਿ ਵਿਗਾਸ ਦੀ ਮਉਜ ਵਿਚ ਹੋਰ ਵਧੇਰਾ ਅਖੰਡਾਕਾਰ ਹੋਇ ਆਵੰਦਾ ਹੈ। ਏਸ ਅਖੰਡਾਕਾਰ ਰਸ-ਜੋਤਿ ਸੰਪੰਨ ਸੁਆਸ ਅਭਿਆਸ ਦਾ ਲਗਾਤਾਰ ਸੁਆਦ ਸਾਹਸੀ ਬਿਲੋਵਨਾ, ਰਿਦੰਤਰ ਬਿਲੋਈ ਜਾਵਣਾ, ਸਚੜੇ ਤੱਤ ਪ੍ਰਜੁਲਤੀ ਚਰਨਾਂ ਦਾ ਸੇਵਨ ਹੈ, ਜਿਨ੍ਹਾਂ ਦੇ ਸਰੇਵਨ (ਸੇਵਨ) ਕਰਿ ਭਰਮ ਭਉ ਦਾ ਨਾਸ ਹੋ ਜਾਂਦਾ ਹੈ। ਨਾਮ ਅਭਿਆਸੀ, ਰਸ ਵਿਗਾਸੀ, ਗੁਰਮੁਖ ਜਨਾਂ, ਸੰਤ ਸੁਰਜਨਾਂ ਦੀ ਸੰਗਤ ਵਿਚ ਮਿਲ ਕੇ ਚਰਨ ਸਰੇਵਨ ਨਾਲ ਅਜਿਹਾ ਮਨ ਮਾਰਿਆ ਜਾਂਦਾ ਹੈ ਕਿ ਭਰਮ ਭਉ ਦੀ ਕਾਈ ਦੀ ਰਿਜਮ ਮਾਤਰ ਭੀ ਬਾਕੀ ਨਹੀਂ ਰਹਿੰਦੀ। ਜੋਤਿ ਵਿਗਾਸੀ ਨਾਮ ਦੇ ਰੰਗ ਚਲੂਲੜੇ ਅਸਥਰਾਉ ਵਿਚ ਨਿਹਚਲ ਨਿਵਾਸ ਹੋ ਜਾਂਦਾ ਹੈ ਅਤੇ ਅਗਿਆਨਤਾ ਅੰਧੇਰੇ ਦਾ ਬਿਨਾਸ ਹੋ ਜਾਂਦਾ ਹੈ, ਅਤੇ ਜੋਤਿ-ਪ੍ਰਕਾਸ਼ ਰੂਪੀ ਕਿਰਨ ਕਮਲ ਦੇ ਰਿਦੰਤਰੀ ਪਸਰਾਉ ਅੰਦਰ ਨਿਖਰਵਾਂ ਵਿਗਾਸ ਐਉਂ ਹੋ ਜਾਂਦਾ ਹੈ, ਜਿਵੇਂ ਚੰਦਰਮਾਂ ਦਾ ਭਾਨ ਕਮਲੀ ਵਿਗਾਸ ਹੁੰਦਾ ਹੈ। ਅਜਿਹੇ ਸਹਜ ਸੁਖੈਨੀ ਅਮਰ ਪਦਾਰਥੀ ਸੰਪੂਰਨ ਫਲ ਸਤਿਗੁਰੂ ਦੇ ਘਰ ਅੰਮ੍ਰਿਤ 'ਬਚਨ' ਦੁਆਰਾ ਹੀ ਇਹ ਦ੍ਰਿੜ੍ਹ ਵਿਸ਼ਵਾਸੀ ਰਿਦ ਵਿਗਾਸੀ ਸੁਖ ਪ੍ਰਾਪਤ ਹੁੰਦਾ ਹੈ। ਇਹ ਗੁਰਮਤਿ ਦ੍ਰਿੜ੍ਹ ਵਿਸ਼ਵਾਸ ਨੂੰ ਅਸਥਰਾਉਣ ਵਾਲਾ ਪ੍ਰੇਮ-ਪਦਾਰਥ ਕਵਲ ਗੁਰਮਤਿ ਨਾਮ ਹੀ ਹੈ, ਜਿਸਦੀ ਕਮਾਈ, ਅਤੁਟ ਕਮਾਈ ਕਰਨ ਕਰਿ ਮੋਹ ਮਾਇਆ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ। ਇਸ ਬਿਧ ਜੋਤਿ-ਪ੍ਰਜੁਲਤ ਚਰਨ ਕੰਵਲ ਸਰੂਪੀ ਨਾਮ ਦਾ ਰਿਦੰਤਰ ਨਿਵਾਸ ਹੋਣ ਕਰਿ ਗੁਰ ਭਾਣੇ ਅੰਦਰ ਅੰਤਰ-ਆਤਮੇ ਹੀ ਪ੍ਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ। ਇਉਂ ਗੁਰਮੁਖਾਂ ਦਾ ਕਮਲ ਪ੍ਰਗਾਸ ਹੋਣ ਕਰਿ ਉਹਨਾਂ ਦੇ ਹਿਰਦੇ ਅੰਦਰ ਹੀ ਵਾਹਿਗੁਰੂ ਜੋਤੀ ਸਰੂਪ ਦਾ ਪ੍ਰਕਾਸ਼ ਹੋਇ ਆਵੰਦਾ ਹੈ। ਰਿਦੰਤਰ ਪ੍ਰਭੂ ਦੇ ਪ੍ਰਗਟ ਹੋਣ ਦਾ ਪ੍ਰਤਾਪ ਇਹ ਪ੍ਰਭਾਵ ਵਰਤਾਉਂਦਾ ਹੈ ਕਿ ਨਾਭ ਕਮਲ ਦੀ ਜੋਤਿ-ਕਣੀ ਤੋਂ ਪਰਜੁਲਤ ਹੋਈ ਤੇ ਹਿਰਦੇ ਅੰਦਰ ਪਸਰਾਉ ਕਰ ਗਈ ਜੋਤਿ-ਚਾਨਣੀ, ਜੋਤੀ ਸਰੂਪ ਦਰਸ਼ਨਾਂ ਦੇ ਹਾਜ਼ਰ ਹਜ਼ੂਰੀ ਜ਼ਹੂਰ ਸੰਵੁਕਤ



www.AKJ.Org

ਸਾਰੇ ਨਭ ਪੁਲਾੜ, ਧਰਤ-ਅਕਾਸ਼ ਵਿਖੇ ਮਉਲ ਉਠਦੀ ਹੈ । ਸਾਰਾ ਧਰਤ-ਅਕਾਸ਼ੀ ਪੁਲਾੜ ਏਸ ਜੋਤਿ-ਚਾਨਣੇ ਦੇ ਝਿਲਮਿਲਕਾਰ ਵਿਚ ਮਉਲਿਆ ਨਜ਼ਰ ਆਉਂਦਾ ਹੈ ਤੇ ਪ੍ਰਤੱਖ ਪ੍ਰਗਟ ਪਹਾਰੇ ਜਾਪਦਾ ਹੈ । ਯਥਾ ਗੁਰਵਾਕ :—

ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥
ਮਿਲਿ ਸੰਤ ਸਭਾ ਮਨੁ ਮਾਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਉਪਜੈ ਭਾਈ ਸਭ ਫਲ ਸਤਿਗੁਰ ਪਾਸਿ ॥ ੩॥......
ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹੁ ਬਿਨਾਸੁ ॥
ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥
ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥
ਪ੍ਰਗਟ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥੫॥੯॥੧॥

(ਸੋਰਠਿ ਮਹਲਾ ੫ ਘਰੁ ੧ ਅਸ:, ਪੰਨਾ ੬੪੦

ਚਰਨਾਂ ਕੰਵਲਾਂ ਦੀ ਇਸ ਅੱਤ ਮੀਠੀ, ਅੱਤ ਨੀਕੀ ਅਨੂਪਮ ਬੀਜਲ-ਤਾਰ-ਤਰੰਗ ਨੂੰ ਸੁਰਤ ਆਕ੍ਰਖਣੀ ਸੁਆਸਾਂ ਵਿਖੇ ਰੁਮਾ ਕੇ ਆਨੰਦ ਅਹਿਲਾਦ ਦਾ ਰਸ ਬਿਸਮਾਦ ਦੰਮ ਬਦੰਮ ਚੱਖਣਾ, ਇਹ ਚਰਨ ਕੰਵਲਾਂ ਦਾ ਜਾਪ ਜਪਣਾ ਹੈ । ਇਸ ਭਾਵ ਨੂੰ ਇਕੋ ਦੁਤੁਕੀ ਵਿਖੇ ਗੁੰਫਤ ਕਰ ਕੇ ਇਸ ਗੁਰਵਾਕ ਅੰਦਰ ਕਿਆ ਸੋਹਣਾ ਦਰਸਾਇਆ ਗਿਆ ਹੈ :—

ਨੀਕੀ ਰਾਮ ਕੀ ਧੁਨਿ ਸੋਇ ॥ ਚਰਨ ਕਮਲ ਅਨੂਪ ਸੁਆਮੀ ਜਪਤ ਸਾਧੂ ਹੋਇ ॥੧॥ਰਹਾਉ॥

(ਸਾਰੰਗ ਮਹਲਾ ੫, ਪੰਨਾ ੧੨੨੮)

ਚਰਨ ਕੰਵਲਾਂ ਦਾ ਇਸ ਬਿਵਸਥਾ ਵਿਚ ਅਜੱਪਾ ਜਾਪ ਕਰਨਹਾਰਾ ਹੀ ਵਾਸਤਵ ਵਿਚ ਤਤ ਗੁਰਮੁਖ ਸਾਧੂ ਸਦਾ ਸਕਦਾ ਹੈ । ਉਪਰਲੀ ਰੰਗ-ਰਸ-ਰਚਨੀ ਅਸਥਿਰਤਾ ਵਿਚ ਜਿਨ੍ਹਾਂ ਦੀ ਲਿਵ-ਡੋਰੀ ਚਰਨ ਕੰਵਲਾਂ ਸੰਗ ਰਚ ਮਿਚ ਗਈ, ਓਹਨਾਂ ਗੁਰਮੁਖਾਂ ਨੇ ਇਸ ਡੋਰੀ ਦੀ ਬਦੌਲਤ ਪੁਰਖੁ ਅਪਾਰ ਗੁਰੂ ਕਰਤਾਰ ਨੂੰ ਭੇਟ ਲਿਆ ਹੈ :—

ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖੁ ਅਪਾਰੋ ॥੧॥੮੭॥੧੧੦॥

[ਸਾਰੰਗ ਮਹਲਾ ੫, ਪੰਨਾ ੧੨੨੫

ਜਿਨ੍ਹਾਂ ਗੁਰਮੁਖਿ ਅਭਿਆਸੀ, ਚਰਨ ਕੰਵਲ ਪਰਗਾਸੀ ਜਨਾਂ ਦਾ ਜੀਉੜਾ ਚਰਨ ਕੰਵਲਾਂ ਨਾਲ ਬੇਧਿਆ ਗਿਆ ਹੈ, ਓਹ ਚਰਨਾਂ ਸੰਗ ਹੀ ਸਮਾ ਜਾਂਦੇ ਹਨ ਅਤੇ ਸਦਾ ਸੁਰਜੀਤਨੀ ਆਤਮ ਅਵਸਥਾ ਵਿਚ ਚਰਨਾਂ ਵਿਚ ਸਦਾ ਸਮਾਏ ਰਹਿੰਦੇ ਹਨ । ਯਥਾ ਗੁਰਵਾਕ—

ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥੨॥੭੨॥੯੫॥

[ਸਾਰੰਗ ਮਹਲਾ ੫, ਪੰਨਾ ੧੨੨੨

ਚਰਨ ਕੰਵਲ ਨੂੰ ਰਿਦੈ ਵਸਾਉਣ ਦੀ ਮਹਿਮਾ ਇਸ ਹੇਠਲੇ ਗੁਰਵਾਕ ਵਿਚ ਕਿਆ ਸੁੰਦਰ ਗਾਈ ਗਈ ਹੈ :—

ਕਰਿ ਕਿਰਪਾ ਅਪੁਨੇ ਪਹਿ ਆਇਆ॥ਧੰਨਿ ਸੁ ਰਿਦਾ ਜਿਹ ਚਰਨ ਬਸਾਇਆ॥
ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥
ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ ॥


www.AKJ.Org

ਦੂਖੁ ਨਾਠਾ ਸੁਖੁ ਘਰ ਮਹਿ ਵੂਠਾ ਮਹਾ ਅਨੰਦ ਸਹਜਾਇਆ ॥
ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੈ ਪਹਿ ਆਇਆ ॥੪॥੧॥
[ਸਾਰੰਗ ਮਹਲਾ ੫,ਪੰਨਾ ੧੨੩੭

ਇਸ ਉਪਰਲੇ ਗੁਰਵਾਕ ਅੰਦਰਿ ਚਰਨ ਕੰਵਲਾਂ ਨੂੰ ਰਿਦੈ ਵਸਾਉਣ ਦੇ ਪਰਤਾਪ ਕਰਿ, ਇਹ ਪਾਰਸ ਫਲ ਪਾਰਜਾਤ ਅੰਕੂਰ ਹੋਏ ਕਿ–(੧) ਇਕ ਤਾਂ, ਅਗਿਆਨ ਅੰਧੇਰ ਦਾ ਬਿਨਾਸ ਹੋਇ ਗਿਆ। (੨) ਦੂਜੇ, ਜਨਮ ਮਰਨ ਚੁਰਾਸੀ ਦੇ ਗੇੜ ਦੀ ਦਾਰਿਦਰਤਾ ਦਾ ਦਾਰਨ-ਦੁਖ ਉਕਾ ਮਿਟ ਕੇ ਨੱਠ ਗਿਆ। (੩) ਤੀਜੇ, ਸੱਚਾ ਆਤਮ-ਅਨੰਦੀ ਸੁਖ ਮਨ ਵਿਖੇ ਆਇ ਵੁੱਠਾ। (੪) ਚੌਥੇ, ਮਹਾਂ ਅਨੰਦ ਮਈ ਸਹਜ ਬਿਵਸਥਾ ਬਣਿ ਆਈ। (੫) ਪੰਜਵੇਂ, ਹਿਰਦੇ ਵਿਖੇ ਅਨੰਦ ਉਲਾਸੀ ਪਰਗਾਸ ਐਸਾ ਹੋਇਆ ਕਿ ਜੋਤੀ ਸਰੂਪ ਵਾਹਿਗੁਰੂ ਦੇ ਸਾਕਸ਼ਾਤ ਦਰਸ-ਮਿਲਾਪ ਭੀ ਅੰਤਰਿ-ਆਤਮੇ ਹੀ ਹੋਇ ਗਏ। ਕੈਸਾ ਅਸਚਰਜ ਪ੍ਰਤਾਪ ਹੈ ਚਰਨ ਕੰਵਲਾਂ ਦੇ ਰਿਦੇ ਅੰਤਰ ਵਸਣ ਦਾ। ਇਸ ਕਰਕੇ ਗੁਰਸਿਖ ਸੇਵਕ ਜਨ ਦੀ ਅਨੂਠੀ ਅਰਦਾਸ ਪਿਆਰੇ ਪ੍ਰੀਤਮ ਵਾਹਿਗੁਰੂ ਦੇ ਹਜ਼ੂਰ ਇਹੀ ਰਹਿੰਦੀ ਹੈ :–

ਸੇਵਕ ਕੀ ਅਰਦਾਸਿ ਪਿਆਰੇ ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ਰਹਾਉ॥੪॥੩॥

ਸਤਿਗੁਰੂ ਗੁਰੂ ਵਾਹਿਗੁਰੂ ਦਾ ਰਿਦ-ਨਾਮ-ਅਭਿਆਸੀ-ਧਿਆਨ ਧਰਿਆਂ ਹੀ ਵਾਹਿਗੁਰੂ ਦੇ ਚਰਣ ਮਨ ਅੰਦਰਿ ਚੀਨੇ ਜਾਂਦੇ ਹਨ। ਯਥਾ ਗੁਰਵਾਕ :–

ਗੁਰੂ ਧਿਆਇ ਹਰਿ ਚਰਨ ਮਨਿ ਚੀਨ੍ਹੇ ॥ ਤਾਂ ਤੇ ਕਰਤੈ ਅਸਥਿਰ ਕੀਨ੍ਹੇ ॥੧॥ਰਹਾਉ॥੩॥੩੬॥
[ਸੂਹੀ ਮਹਲਾ ੫, ਪੰਨਾ ੭੪੪

**ਜੋਤਿ ਪ੍ਰਕਾਸ਼ ਨਾਮ ਨੂੰ ਜਪਣਾ ਚਰਨ ਕੰਵਲਾਂ ਦਾ ਜਾਪ ਜਪਣਾ ਹੈ,** ਜਿਸ ਦੇ ਜਪਣ ਕਰਿ ਹੀ ਜੀਵ ਦਾ ਨਿਸਤਾਰਾ ਅਤੇ ਭਵਜਲੋਂ ਪਾਰ-ਉਤਾਰਾ ਹੈ।ਚਰਨ ਕੰਵਲਾਂ ਦਾ ਧਿਆਨ ਧਰਿਆਂ ਸਭੇ ਫਲ ਸੁਤੇ ਸਿਧ ਆਣਿ ਪ੍ਰਾਪਤ ਹੁੰਦੇ ਹਨ ਅਤੇ ਆਵਾ ਗਵਨ ਦਾ ਗੇੜ ਭੀ ਮਿਟ ਜਾਂਦਾ ਹੈ ਅਤੇ ਸਚੀ ਭਾਇ ਭਗਤਿ ਵਾਲਾ ਸਹਜ ਸੁਭਾਈ ਅਜਪਾ ਜਾਪ ਏਥੇ ਪੁਜ ਕੇ ਹੀ ਛਿੜਦਾ ਹੈ। ਏਸੇ ਅਜਪਾ ਜਾਪ ਦੇ ਕੀਤਿਆਂ ਏਕ ਅਲੱਖ ਅਪਾਰ ਪੂਰਨ ਪ੍ਰਭੂ ਨੂੰ ਰੀਝਾਈਦਾ ਹੈ ਤੇ ਤੁੱਠਣ ਤੁਠਾਈਦਾ ਹੈ ਅਤੇ ਏਥੇ(ਇਸ ਪਦ ਪੁਜਿਆਂ) ਹੀ ਅਨਿੰਨ ਉਪਾਸ਼ਨਾ ਅਕਾਲ ਪੁਰਖ ਦੀ ਨਿਖਰਦੀ ਹੈ। ਦੁਤੀਆ ਨਾਸਤ ਵਾਸਤਵ ਵਿਚ ਏਥੇ ਪੁਜ ਕੇ ਹੀ ਹੁੰਦਾ ਹੈ ਅਤੇ ਅਕਾਲ ਪੁਰਖ ਨੂੰ ਸਚ ਮੁਚ ਸਰਬ ਵਿਆਪਕ, ਸਰਬ ਨਿਵਾਸੀ, ਘਟਿ ਘਟਿ ਵਾਸੀ ਏਥੇ ਹੀ ਪਰਤੱਖ ਕਰੀਦਾ ਹੈ। ਯਥਾ ਗੁਰਵਾਕ :–

ਗੁਰ ਮਿਲਿ ਸਾਗਰੁ ਤਰਿਆ ॥ ਹਰਿ ਚਰਣ ਜਪਤ ਨਿਸਤਰਿਆ ॥
ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ ॥
ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ ॥
ਜਪਿ ਏਕੁ ਅਲਖੁ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ ॥
ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ ॥੩॥੧॥੩॥
[ਸੂਹੀ ਛੰਤ ਮਹਲਾ ੫ ਘਰੁ ੨, ਪੰਨਾ ੭੭੮-੭੯

ਚਰਨ ਕੰਵਲ ਸਰਨਾਇ ਰਹਿ ਕੇ ਨਾਮ ਜਪਣਾ ਸਦਾ ਹੀ ਸੰਗਿ ਸਹਾਈ ਹੁੰਦਾ ਹੈ। ਗੁਰਮੁਖਿ ਹੀ ਇਹ ਸਚਾ ਧਨ ਪ੍ਰਾਪਤ ਕਰਦੇ ਹਨ। ਯਥਾ ਗੁਰਵਾਕ :–

ਹਰਿ ਚਰਨ ਕਮਲ ਸਰਨਾਇ ਮਨਾ ॥



www.AKJ.Org

ਰਾਮ ਨਾਮੁ ਜਪਿ ਸੰਗਿ ਸਹਾਈ ਗੁਰਮੁਖਿ ਪਾਵਹਿ ਸਾਚੁ ਧਨਾ ॥੧॥ਰਹਾਉ॥੩੧॥੫੧॥
[ਰਾਮਕਲੀ ਮਹਲਾ ੫, ਪੰਨਾ ੮੯੯

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥......
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨ ਲਾਈ ਹੇ ॥੧੩॥ [ਪੰਨਾ ੧੦੭੯

ਏਥੇ ਹਰਿ ਗੁਰੁ ਜਾਪ ਵਾਹਿਗੁਰੂ ਜਾਪ ਦਾ ਪ੍ਰਤਿਪਾਦਕ ਹੈ। ਦੇਖੋ ਅਗਲਾ ਗੁਰਵਾਕ ਚਰਨ ਕੰਵਲਾਂ ਦੀ ਕੈਸੀ ਅਨੂਪਮ ਝਾਕੀ ਝਕਾਉਂਦਾ ਹੈ :–

ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥ ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੈ ਮਹਿ ਦੀਪ ॥੧॥ਰਹਾਉ॥ ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ ॥ ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ ॥੧॥ ਹਾਰਿ ਪਰਿਓ ਤੁਮਰੈ ਪ੍ਰਭ ਦੁਆਰੈ ਦ੍ਰਿੜੁ ਕਰਿ ਗਹੀ ਤੁਮ੍ਹਾਰੀ ਲੂਕ ॥ ਕਾਢਿ ਲੇਹੁ ਨਾਨਕ ਅਪੁਨੇ ਕਉ ਸੰਸਾਰ ਪਾਵਕ ਕੇ ਕੂਪ ॥੨॥੪॥੮॥
[ਜੈਤਸਰੀ ਮਹਲਾ ੫, ਪੰਨਾ ੭੦੧

ਗੁਰਮੁਖ ਭਗਤ ਜਨਾਂ ਦਾ ਜੀਵਨ ਰੂਪ ਭੀ ਗੋਬਿੰਦ ਵਾਹਿਗੁਰੂ ਹੀ ਹੈ, ਪ੍ਰਾਨ ਰੂਪ ਭੀ ਗੋਬਿੰਦ ਵਾਹਿਗੁਰੂ ਹੀ ਹੈ, ਸਚੜਾ ਧਨ ਰੂਪ ਭੀ ਗੋਬਿੰਦ ਵਾਹਿਗੁਰੂ ਹੀ ਹੈ। ਅਗਿਆਨ ਮੋਹ ਮਮਤਾ ਵਿਚ ਮਹਾਂ ਮਗਨ ਪ੍ਰਾਨੀਆਂ ਲਈ ਗੋਬਿੰਦ ਵਾਹਿਗੁਰੂ ਹੀ ਅੰਧਿਕਾਰ ਮਹਿ ਜੋਤਿ ਉਜਿਆਰਾ ਕਰਨਹਾਰਾ ਸੱਚਾ ਚਾਨਣ-ਮੁਨਾਰਾ ਹੈ। ਇਸ ਸੱਚੇ ਦੀਪਕ-ਉਜਿਆਰੇ ਨਾਲ ਚਮਤਕ੍ਰਤ ਹੋ ਕੇ ਹੀ ਭਗਤ ਜਨ ਪ੍ਰੀਤਮ ਪ੍ਰਭੂ ਦਾ ਸਾਂਗੋ ਪਾਂਗ ਦਰਸ਼ਨ ਕਰਦੇ ਹੋਏ, ਇਸ ਬਿਧ ਸਨਮੁਖ ਉਤਸ਼ਾਹ ਪੁਲਕ੍ਰਿਤ ਜੋਦੜੀਆਂ ਮਈ ਉਸਤਤ ਉਚਾਰਨ ਕਰਦੇ ਹਨ:–ਹੇ ਪ੍ਰਭੂ ਪ੍ਰੀਤਮ! ਤੇਰਾ ਦਰਸਨ ਸਫਲ ਦਰਸਨ ਹੈ ਅਤੇ ਤੇਰੇ ਚਰਨ ਕੰਵਲ ਅਨੂਪ ਹਨ, ਜਿਨ੍ਹਾਂ ਦੇ ਅਰੂਪ ਰੂਪ ਜਲਵੇ ਦੀ ਕੋਈ ਭੀ ਉਪਮਾ ਨਹੀਂ ਹੋ ਸਕਦੀ। ਚਰਨ ਕੰਵਲਾਂ ਦਾ ਪ੍ਰੇਮੀ, ਚਰਨ ਕੰਵਲਾਂ ਦਾ ਸੱਚਾ ਪੁਜਾਰੀ, ਸਚੜਾ ਆਸ਼ਕ, ਬਾਰੰਬਾਰ ਅਨਿਕ ਬਾਰ ਏਹਨਾਂ ਪਿਆਰੇ ਅਨੂਪਮ ਚਰਨ ਕੰਵਲਾਂ ਨੂੰ ਡੰਡਉਤ ਬੰਦਨਾ ਨਮਸਕਾਰਾਂ ਹੀ ਕਰਦਾ ਰਹਿੰਦਾ ਹੈ ਅਤੇ ਸਦਾ ਸਦਾ ਕਰਨ ਲਈ ਉਤਸ਼ਾਹਤ ਰਹਿੰਦਾ ਹੈ। ਏਹਨਾਂ ਅਨੂਪ ਸੁੰਦਰ ਸਰੂਪ ਚਰਨਾਂ ਵਿਟਹੁ ਧੂਪ ਚੜ੍ਹਾਉਣ ਲਈ ਆਪਣੇ ਮਨ ਨੂੰ ਹੋਮ ਦਿੰਦਾ ਹੈ, ਅਤੇ ਇਸ ਬਿਧ ਆਪਣਾ ਮਨੂਆ ਹੋਮ ਕੇ ਸਦਾ ਨਿਰਮਾਣ (ਨੀਵਾਂ) ਹੋ ਕੇ ਚਰਨ ਕੰਵਲਾਂ ਵਾਲੇ ਪ੍ਰੀਤਮ ਦੇ ਦੁਆਰੇ ਹੀ ਪਿਆ ਰਹਿਣ ਨੂੰ ਪਰਮ ਨੇਅਮਤ ਪ੍ਰਾਪਤ ਹੋਈ ਸਮਝਦਾ ਹੈ, ਅਤੇ– ਹਾਰਿ ਚਲੇ ਗੁਰਮੁਖਿ ਜਗੁ ਜੀਤਾ ॥
ਦੇ ਅਮਲੀ ਪੂਰਨੇ ਪਾਉਂਦਾ ਹੈ, ਗੁਪਤ ਲੁਪਤ ਹੋ ਕੇ ਚਰਨ ਕੰਵਲ ਮਗਨਸ਼ਟ ਦਸ਼ਾ ਵਿਚ ਅਲਖ ਵਸਤੂ ਨੂੰ ਲਖਦਾ ਹੋਇਆ ਅਤੇ ਅਜਰ ਵਸਤੂ ਨੂੰ ਜਰਦਾ ਹੋਇਆ ਕਿਸੇ ਨੂੰ ਜਣਾਉਂਦਾ ਜਤਲਾਉਂਦਾ ਨਹੀਂ। ਇਉਂ ਨਿਰਮਾਣ ਅਨਿੰਨ ਗੁਰਸਿਖਾਂ ਨੇ ਆਪਣੀ ਪੁਗ ਖਲੋਈ ਹੋਈ ਅਵਸਥਾ ਨੂੰ ਲੁਕਾਉਣ ਲਈ ਦ੍ਰਿੜ੍ਹ ਕਰਕੇ ਪ੍ਰਭੂ ਪ੍ਰੀਤਮ ਦੇ ਚਰਨ ਕੰਵਲਾਂ ਦੀ ਲੂਕ-ਗੁਫਾ (ਲੁਕਣ ਓਟੀ ਮੰਜ਼ਲ) ਗਹਿ ਲਈ ਅਤੇ ਅੰਤਰਗਤੀ ਏਸੇ ਜੋਦੜੀ ਵਿਚ ਮਹਿਜੂਜ਼ ਰਹਿਣਾ ਓਹਨਾਂ ਨੂੰ ਪਸੰਦ ਅਤੇ ਮਹਾਂ ਮਨਜ਼ੂਰ ਹੈ ਕਿ ਹਜ਼ੂਰ ਦੀ ਚਰਨ ਸ਼ਰਨ ਹਜ਼ੂਰੀ ਲੂਕ ਹਮੇਸ਼ਾ ਬਣੀ ਰਹੇ ਅਤੇ ਏਸ ਲੂਕ ਵਿਚ ਲੁਕਿਆਂ ਹੀ ਬਿਹੱ ਜਾਏ, ਕਿਉਂਕਿ ਏਹੋ ਲੂਕ ਹੀ ਸੰਸਾਰ ਦੀ ਬਿਖੈ-ਅਗਨੀ ਵਾਲੇ ਕੂਪ ਵਿਚੋਂ ਕੱਢਣ ਲਈ ਸੇਵਕ ਜਨ ਨੂੰ ਸਹਾਈ ਹੈ।

ਪ੍ਰੇਮ-ਭਗਤੀ ਦੀ ਦਾਤਿ ਪ੍ਰੀਤਮ ਦੇ ਦੁਆਰਿਓਂ ਓਦੋਂ ਮਿਲਦੀ ਹੈ ਜਦੋਂ ਨਾਮ ਮਹਾਂ ਰਸ ਦੀ ਬੂੰਦ-ਕਿਰਣ, ਚਰਨ ਕੰਵਲ ਦੀ ਜੋਤਿ-ਜਗਰਨੀ ਹਿਰਦੇ-ਬੇਧਨੀ-ਤਾਰ ਬਣ ਕੇ ਘਟ ਅੰਤਰਿ ਸੰਚਰ ਜਾਂਦੀ ਹੈ। ਇਸ ਆਤਮ-ਅਹਿਲਾਦਨੀ ਅਵਸਥਾ ਵਿਚ ਪ੍ਰੀਤਮ, ਪ੍ਰੇਮਾ ਭਗਤਿ ਦਾ ਦਾਤਾ ਬਣ ਕੇ ਅਪਨੇ ਜਨ ਸੰਗਿ ਰਾਤਾ ਜਾਂਦਾ ਹੈ। ਇਸ ਰੰਗ-ਰੱਤੜੀ, ਰੱਸ-ਮੱਤੜੀ ਦਸ਼ਾ ਵਿਚ ਹੀ ਦਿਨਸੁ ਰਾਤਿ ਇਕ-ਸਾਰ 'ਆਤਮ ਲਿਵ-ਤਾਰ' ਅੰਤਰਗਤਿ



www.AKJ.Org

ਬੱਝੀ ਰਹਿੰਦੀ ਹੈ ਅਤੇ ਇਕ ਨਿਮਖ ਭਰ ਭੀ ਪ੍ਰੀਤਮ ਪ੍ਰਾਨ ਆਧਾਰ ਪ੍ਰਭੂ ਪ੍ਰਮਾਤਮਾ ਦੇਵ ਵਾਹਿਗੁਰੂ ਮਨਹੁ ਨਹੀਂ ਵਿਸਰਦਾ। ਪ੍ਰਾਨ ਆਧਾਰ ਜੁ ਹੋਇਆ । ਵਿਸਰ ਜਾਏ ਤਾਂ ਆਧਾਰ ਜਾਂਦਾ ਰਹਿੰਦਾ ਹੈ। ਚਰਨ ਕੰਵਲਾਰ ਹੀ ਪ੍ਰਾਨ ਆਧਾਰ ਹੋ ਕੇ ਪ੍ਰਗਟ ਹੁੰਦੇ ਹਨ ਅਤੇ ਏਹਨਾਂ ਜੋਤਿ ਪ੍ਰਜੁਲਨੇ ਚਰਨ ਕੰਵਲਾਂ ਦੀ ਬਦੌਲਦ ਸਰਬ ਗੁਣਾ ਗੁਣ, ਉਤਮ ਗੋਪਾਲ ਗੁਣ ਨਿਧ ਜਗਦੀਸ਼ਰ ਵਾਹਿਗੁਰੂ ਸਦਾ ਸਨਮੁਖ ਅਤੇ ਸੰਗ ਹੀ ਹਾਜ਼ਰ ਨਜ਼ਰੀ ਆਉਂਦਾ ਹੈ। ਪਰੰਤੂ ਇਸ ਨਾਮ ਰਸ ਮਾਤੜੀ, ਚਰਨ ਕੰਵਲ ਸੰਗਿ ਅਹਿਨਿਸ ਮਗਨ ਰਹਿਣ ਵਾਲੀ ਬਿਵਸਥਾ ਨੂੰ ਕੋਟ ਮਧੇ ਕਿਸੇ ਵਿਰਲੇ ਗੁਰਮੁਖ ਜਨ ਨੇ ਹੀ ਜਾਤਾ (ਲਖਿਆ) ਹੈ । ਯਥਾ ਗੁਰਵਾਕ :-

ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ ॥ ਅਪੁਨੇ ਜਨ ਸੰਗਿ ਰਾਤੇ ॥
ਜਨ ਸੰਗਿ ਰਾਤੇ ਦਿਨਸੁ ਰਾਤੇ ਇਕ ਨਿਮਖੁ ਮਨਹੁ ਨ ਵੀਸਰੈ ॥
ਗੋਪਾਲ ਗੁਣਨਿਧਿ ਸਦਾ ਸੰਗੇ ਸਰਬ ਗੁਣ ਜਗਦੀਸਰੈ ॥
ਮਨੁ ਮੋਹਿ ਲੀਨਾ ਚਰਨ ਸੰਗੇ ਨਾਮ ਰਸਿ ਜਨ ਮਾਤੇ ॥
ਨਾਨਕ ਪ੍ਰੀਤਮ ਕ੍ਰਿਪਾਲ ਸਦਹੂੰ ਕਿਨੈ ਕੋਟਿ ਮਧੇ ਜਾਤੇ ॥੧॥

[ਮਲਾਰ ਛੰਤ ਮਹਲਾ ੫, ਪੰਨਾ ੧੨੭੮

ਚਰਨ ਕੰਵਲਾਂ ਸੰਗਿ ਮੋਹ ਲਏ ਹੋਏ ਨਾਮ-ਰਸ-ਮਾਤੜੇ ਜਨ ਹਰ ਛਿਨ ਚਰਨ ਕੰਵਲ ਸੰਗਿ ਐਉਂ ਲੀਨ ਰਹਿੰਦੇ ਹਨ ਜਿਉਂ ਜਲ ਸੰਗਿ ਮਛਲੀ ਲੀਨ ਰਹਿੰਦੀ ਹੈ, ਪ੍ਰਭੂ ਜਲ ਸੰਗਿ ਲੀਨ ਮੀਨ ਵਾਲੀ ਸਦਾ ਅਭਿੰਨ ਦਸ਼ਾ ਨੂੰ ਪ੍ਰਾਪਤ ਹੋਏ ਜਨ, ਇਸ ਇਕ-ਰਸ ਆਤਮ ਰੰਗ ਨੂੰ ਮਾਨਣ ਅਤੇ ਮਾਣਦੇ ਰਹਿਣ ਲਈ ਚਰਨ ਕੰਵਲ ਮਈ ਅੰਚਲ ਹਰ ਛਿਨ ਗਹੀ ਹੀ ਰਖਦੇ ਹਨ ਅਤੇ ਬਿਨੈ ਅਲਾਉਂਦੇ ਰਹਿੰਦੇ ਹਨ:-ਹੇ ਪ੍ਰੀਤਮ ਪ੍ਰਭੋ ! ਇਹ ਅੰਚਲਾ ਸਦਾ ਗਹਾਈ ਹੀ ਰਖੋ ਅਤੇ ਵਾਹਿਗੁਰੂ ਕ੍ਰਿਪਾਲ ਦਇਆਲ ਹੋ ਕੇ ਆਪਣੇ ਜਨਾਂ, ਦਾਸਾਂ ਦੀਨਾਂ ਨੂੰ ਸਦਾ ਹੀ ਸਤਿਸੰਗਿ ਦੇ ਰੰਗਾਂ ਵਿਚ ਰੁਮਾਈ ਰਖਦੇ ਹਨ ਅਤੇ ਆਪਣੇ ਸਦਾ ਸਰਨਾਗਤੀ ਅਧੀਨ ਅਨਾਥ ਦੀਨ ਭਗਤਾਂ ਨੂੰ ਆਪਣੀ ਅਪਾਰ ਮਇਆ ਧਾਰ ਕੇ ਸਦਾ ਅਪਣਾਈ ਹੀ ਰਖਦੇ ਹਨ। ਯਥਾ ਗੁਰਵਾਕ :-

ਹਰਿ ਚਰਨ ਕਮਲ ਮਨ ਲੀਨਾ ॥ ਪ੍ਰਭ ਜਲ ਜਨ ਤੇਰੇ ਮੀਨਾ ॥
ਜਲ ਮੀਨ ਪ੍ਰਭ ਜੀਉ ਏਕ ਤੂਹੈ ਭਿੰਨ ਆਨ ਨ ਜਾਨੀਐ ॥
ਗਹਿ ਭੁਜਾ ਲੇਵਹੁ ਨਾਮ ਦੇਵਹੁ ਤਉ ਪ੍ਰਸਾਦੀ ਮਾਨੀਐ ॥
ਭਜ ਸਾਧ ਸੰਗੇ ਏਕ ਰੰਗੇ ਕ੍ਰਿਪਾਲ ਗੋਬਿੰਦ ਦੀਨਾ ॥
ਅਨਾਥ ਨੀਚ ਸਰਣਾਇ ਨਾਨਕ ਕਰਿ ਮਇਆ ਅਪੁਨਾ ਕੀਨਾ ॥੩॥

[ਮਲਾਰ ਛੰਤ ਮਹਲਾ ੫, ਪੰਨਾ ੧੨੭੮

ਏਹਨਾਂ ਗੂਹੜੇ ਆਤਮ-ਰੰਗਾਂ ਵਿਚ ਰਤੜੇ ਜਨ, ਚਰਨ ਕੰਵਲਾਂ ਦੀ ਪ੍ਰੀਤਿ ਨੂੰ ਸਲਾਹੁੰਦੇ ਨਹੀਂ ਰਜਦੇ ਅਤੇ ਇਸ ਪ੍ਰੀਤ ਨੂੰ ਧੰਨਿ ਧੰਨਿ ਉਚਾਰਦੇ ਹਨ। ਯਥਾ ਗੁਰਵਾਕ :-

ਧੰਨਿ ਉਹ ਪ੍ਰੀਤਿ ਚਰਨ ਸੰਗਿ ਲਾਗੀ ॥
ਕੋਟਿ ਜਾਪ ਤਾਪ ਸੁਖ ਪਾਏ ਆਇ ਮਿਲੇ ਪੂਰਨ ਬਡਭਾਗੀ ॥੧॥ਰਹਾਉ॥੭॥੧੮॥

[ਕਾਨੜਾ ਮਹਲਾ ੫, ਪੰਨਾ ੧੩੦੧

ਚਰਨ ਕੰਵਲਾਂ ਦੀ ਪ੍ਰੀਤ ਧੰਨਤਾ ਯੋਗ ਇਸ ਕਰਕੇ ਹੈ ਕਿ ਚਰਨ ਕੰਵਲਾਂ ਦੀ ਪ੍ਰੀਤ ਦੇ ਤੁਲ, ਕੋਟ ਜਾਪ ਤਾਪ ਦੇ ਸੁਖਾਂ ਦੀ ਸਮਸਰਤਾ ਪਰਤੀਤ ਹੁੰਦੀ ਹੈ। ਇਹ ਚਰਨ ਕੰਵਲ ਕਿਸੇ ਵਡਭਾਗੇ ਗੁਰਮੁਖ ਜਨ ਨੂੰ ਹੀ ਆਇ ਪ੍ਰਾਪਤ ਹੁੰਦੇ ਹਨ, ਅੰਦਰੋਂ ਹੀ ਆਇ ਮਿਲਦੇ ਹਨ। ਅੰਦਰੋ ਅੰਦਰ ਹੀ ਆਇ ਮਿਲੇ ਚਰਨ ਕੰਵਲਾਂ ਦਾ ਰਸ ਘਟ ਅੰਤਰੇ ਹੀ ਮਾਣੀਦਾ ਹੈ। ਨਾਮ ਰਸ ਵਿਗਾਸੀ, ਜੋਤਿ ਪ੍ਰਗਾਸੀ ਚਰਨ ਕੰਵਲਾਂ ਦੀ ਪੂਜਾ ਭਗਤੀ, ਅੰਤਰਿ



www.AKJ.Org

ਲਿਵ-ਲੀਨ ਹੋ ਕੇ ਹੀ ਚਰਨ ਕੰਵਲਾਂ ਦੇ ਰਸ ਰਸੀਏ ਜਨ ਕਰਦੇ ਹਨ ਅਤੇ ਚਰਨ ਕੰਵਲਾਂ ਦੇ ਰਸ ਰੰਗ ਵਿਚ ਰਤੇ ਹੋਏ, ਚਰਨ ਕੰਵਲਾਂ ਦੀ ਮਹਿਮਾ ਦੇ ਗੁਣ ਹੀ ਗਾਉਂਦੇ ਹਨ । ਇਸ ਬਿਵਸਥਾ ਨੂੰ ਇਸ ਰਸ ਤੋਂ ਕੋਰਾ ਜਗਿਆਸੂ ਕੋਈ ਕੀ ਸਮਝ ਸਕਦਾ ਹੈ ? ਜਿਨ੍ਹਾਂ ਇਸ ਰਸ ਨੂੰ ਮਾਣਿਆ ਹੈ ਸੋਈ ਚਰਨ ਕੰਵਲਾਂ ਦੀ ਮਹਿਮਾ ਮਹੱਤਤਾ ਦੇ ਗੁਣ ਗਾਉਣ ਦੀ ਸਾਰ ਨੂੰ ਜਾਣਦੇ ਹਨ । ਦੇਖੋ, ਕੈਸੀ ਅਬੁਝ ਬੁਝਾਰਤ ਹੈ, ਯਥਾ ਗੁਰਵਾਕ :–

ਹਰਿ ਕੇ ਚਰਨ ਹਿਰਦੈ ਗਾਇ ॥
ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥੧॥ਰਹਾਉ॥
ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖ ਜਾਇ ॥੧॥
ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥
ਤਾਪ ਸੰਤਾਪ ਮਿਟੇ ਨਾਨਕ ਬਾਹੁੜਿ ਕਾਲੁ ਨ ਖਾਇ ॥੨॥੧੧॥ ਪੰਨਾ ੧੩੦੦

ਭਾਵ–ਹਿਰਦੇ ਅੰਦਰਲੇ ਜੋਤਿ-ਜਗੰਨੇ ਚਰਨ ਕੰਵਲਾਂ ਦੇ ਅੰਮ੍ਰਿਤ ਰਸ ਨੂੰ ਮਾਣਿ ਮਾਣਿ, ਇਸ ਰਸ-ਮਗੰਨੀ-ਲਿਵਤਾਰ ਵਿਚ ਚਰਨ ਕੰਵਲਾਂ ਦੀ ਮਹਿਮਾ ਦੇ ਗੁਣ ਗਾਉਣੇ, ਇਹ ਪਾਰਸ ਰਸਾਇਣੀ ਫਲ ਅੰਕੂਰ ਲਿਆਉਂਦੇ ਹਨ, ਕਿ ਦਿਬ-ਜੋਤਿ-ਲਤੀਫ਼ੀ ਚਰਨ ਕੰਵਲਾਂ ਵਾਲਾ ਪ੍ਰੀਤਮ, ਚਰਨ ਕੰਵਲਾਂ ਦੇ ਪ੍ਰਗਾਸ ਵਿਚ ਹੀ ਅਭੇਦ ਹੋ ਜਾਂਦਾ ਹੈ । ਪ੍ਰੀਤਮ ਦੇ ਗੁਣ ਗਾਉਣਾ ਅਤੇ ਪ੍ਰੀਤਮ ਪ੍ਰਭੂ ਦੇ ਚਰਨ ਕੰਵਲਾਂ ਦੇ ਰਿਦੰਤਰੀ ਵਿਗਾਸ ਨੂੰ ਮਹਿਕਾਉਣਾ ਇਕ-ਰੂਪ ਹੀ ਹੋ ਜਾਂਦਾ ਹੈ ਅਤੇ ਇਕੋ ਪਾਰਸ ਕਲਾ ਵਾਲੀ ਪ੍ਰਬੀਨਤਾ ਰਖਦਾ ਹੈ । ਪ੍ਰੀਤਮ ਤੇ ਪ੍ਰੀਤਮ ਦੇ ਚਰਨ ਕੰਵਲ ਸਮਸਰ ਹੀ ਸੀਤਲਤਾ ਦਾ ਪਾਰਸ-ਪ੍ਰਭਾਉ ਪਰਵੇਸ਼ ਕਰਨਹਾਰੇ ਹਨ, ਅਤੇ ਸਮਸਰ ਹੀ ਸੁਖ ਸਾਂਤਿ ਮੂਰਤਿ ਹਨ । ਚਰਨਾਰਬਿੰਦ ਦੀ ਇਸ ਸੁਖ ਸਾਂਤਿ ਮੂਰਤਿ ਨੂੰ ਪੇਖ ਪੇਖ ਕੇ ਅਤੇ ਸਿਮਰ ਸਿਮਰ ਕੇ ਚਰਨ ਕੰਵਲ ਉਜਾਗੀ-ਜਨ ਨਿਤ ਧਿਆਉਂਦੇ ਹਨ ਅਤੇ ਧਿਆਇ ਧਿਆਇ ਕੈ ਵਿਗਸਾਉਂਦੇ ਹਨ, ਅਤੇ ਵਿਗਸ ਵਿਗਸ ਕੇ ਬਿਸਮਾਉਂਦੇ ਹਨ ਤੇ ਬਿਸਮ ਹੋਇ ਹੋਇ ਮੁਸਕ੍ਰਾਉਂਦੇ ਹਨ । "ਹਰਿ ਜਨ ਗੁਨ ਗਾਵਤ ਹਸਿਆ" ਗੁਰਵਾਕ ਦਾ ਇਹ ਤਤ ਪਰਮਾਰਥ ਹੈ । ਇਸ ਬਿਸਮ ਲਿਵੰਤਾਰ ਅਵਸਥਾ ਦਾ ਸੁਤੇ ਅਮਰ ਫਲ, ਪਾਰਸ-ਪ੍ਰਭਾਵੀ ਅਮਰ ਫਲ ਇਹ ਹੁੰਦਾ ਹੈ ਕਿ ਇਸ ਪਦ ਪ੍ਰਾਪਤ ਹੋਏ ਚਰਨ ਕੰਵਲਾਂ ਦੀ ਮਉਜ ਵਾਲੇ ਗੁਰਮੁਖ ਜਨ ਦੀਆਂ ਸਗਲ ਆਸਾਂ ਸੁਤੇ ਸੁਭਾਵ ਅਤੇ ਸਹਿਲੇ ਹੀ ਪੂਰਨ ਹੋ ਜਾਂਦੀਆਂ ਹਨ ਅਤੇ ਉਸ ਦਾ ਕੋਟ ਜਨਮਾਂ ਦਾ ਦੁਖ ਚਲਿਆ ਜਾਂਦਾ (ਦੂਰ ਹੋ ਜਾਂਦਾ) ਹੈ । ਅਜਿਹੇ ਗੁਰਮੁਖ ਸਿਖ ਸਾਧੂ ਜਨ ਦਾ ਸੰਗ ਕੀਤਿਆਂ ਅਨੇਕ ਪੁੰਨ ਦਾਨਾਂ ਦਾ ਕਿਰਤ-ਕਰੰਮੀ-ਫਲ ਪ੍ਰਾਪਤ ਹੋ ਜਾਂਦਾ ਹੈ ਅਤੇ ਤਾਪ ਸੰਤਾਪ ਉਸ ਦੇ ਸਭ ਮਿਟ ਜਾਂਦੇ ਹਨ । ਬਹੁੜਿ ਉਸ ਨੂੰ ਜਮਕਾਲ ਨਹੀਂ ਖਾ ਸਕਦਾ । ਉਸ ਦੀ ਕਾਲ-ਫਾਸ ਦਾ ਨਾਸ ਹੋ ਜਾਂਦਾ ਹੈ । ਇਉਂ ਗੁਰੂ ਨਾਨਕ ਸਾਹਿਬ ਉਪਰਲੇ ਵਾਕ ਵਿਚ ਸੱਚੀ ਸਾਖਾ ਭਰਦੇ ਉਚਰਦੇ ਹਨ । [ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ

# ਗੁਰਬਾਣੀ ਪਰਚਾਰ ਟ੍ਰਸਟ (ਰਜਿਸਟ੍ਰਡ)

ਭਾਈ ਕਿਰਪਾਲ ਸਿੰਘ ਜੀ ਸਪੁਤਰ ਸ: ਨਰੈਣ ਸਿੰਘ ਜੀ ਖਾਲਸਾ ਸ੍ਰੀ ਅੰਮ੍ਰਿਤਸਰ ਵਲੋਂ ਇਕ ਲੱਖ ਰੁਪਏ ਬੈਂਕ ਦੇ ਫਿਕਸ ਡਿਪਾਜ਼ਿਟ ਵਿਚ ਜਮ੍ਹਾ ਕਰਾ ਕੇ, ਅਖੰਡ ਕੀਰਤਨੀ ਜਥੇ ਦੇ ਪੰਜ ਸਿੰਘਾਂ ਦਾ, ਉਪਰੋਕਤ ਨਾਮ ਦਾ ਟ੍ਰਸਟ ਰਜਿਸਟ੍ਰਡ ਕਰਵਾ ਦਿਤਾ ਗਿਆ ਹੈ । ਇਸ ਟ੍ਰਸਟ ਦਾ ਮੰਤਵ ਗੁਰਬਾਣੀ ਦਾ ਪਰਚਾਰ ਅਤੇ ਕੀਰਤਨ ਦੁਆਰਾ ਪਰਚਾਰ ਕਰਨਾ ਹੈ ।

ਭਾਈ ਕਿਰਪਾਲ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਦਰਸ਼ਨ ਕੌਰ ਜੀ ਆਪਣੀ ਜ਼ਿੰਦਗੀ ਵਿਚ ਉਪਰੋਕਤ ਰਕਮ ਦਾ ਸੂਦ ਆਪਣੇ ਗੁਜ਼ਾਰੇ ਲਈ ਵਰਤਦੇ ਰਹਿਣਗੇ ਅਤੇ ਉਨ੍ਹਾਂ ਦੀ ਇਹ ਲੋਚਾ ਹੈ ਕਿ ਉਨ੍ਹਾਂ ਤੋਂ ਬਾਅਦ ਹਰ ਸਾਲ ਉਨ੍ਹਾਂ ਦੇ ਨਮਿਤ ਸ੍ਰੀ ਅਖੰਡਪਾਠ, ਕੀਰਤਨ ਸਮਾਗਮ ਅਤੇ ਲੰਗਰ ਕਰਾ ਕੇ ਬਚਦੀ ਮਾਇਆ ਵੀ ਗੁਰਮਤਿ ਸਮਾਗਮਾਂ ਤੇ ਧਰਮ ਕਾਰਜਾਂ ਲਈ ਹੀ ਵਰਤੀ ਜਾਇਆ ਕਰੇ । ਇਸ ਮੰਤਵ ਲਈ 'ਗੁਰਬਾਣੀ ਪਰਚਾਰ ਟ੍ਰਸਟ' ਨਾਂ ਦਾ ਅਕਾਊਂਟ ਬੈਂਕ ਵਿਚ ਖੋਲ੍ਹ ਦਿਤਾ ਗਿਆ ਹੈ ।

www.AKJ.Org

# ਖਾਲਸਾ ਧਰਮ ਵਿਚ ਸੁਚਮ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥ (੪੭੨)
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥
[ਬਿਲਾਵਲ ਮ: ੫, ਪੰਨਾ ੪੨੨

ਆਦਿਕ ਗੁਰਵਾਕਾਂ ਦੇ ਭਾਵ ਅਨੁਸਾਰ 'ਸੁਚਿ' (ਪਵਿਤ੍ਰਤਾ) ਖਾਲਸਾ ਧਰਮ ਧਾਰਨੀ ਗੁਰਸਿਖ ਦੇ ਧਰਮ-ਅੰਗਾਂ ਵਿਚੋਂ ਇਕ ਉਤਮ ਅੰਗ ਹੈ, ਜਿਸ ਦਾ ਪਾਲਨਾ ਹਰ ਇਕ ਸੁਚਿਆਰ ਸਿੰਘ ਬਿਬੇਕੀ ਲਈ ਐਸਾ ਹੀ ਜ਼ਰੂਰੀ ਹੈ ਜੈਸਾ ਦੂਤੀ ਧਰਮ ਅੰਗਾਂ–ਸਤ, ਸੰਤੋਖ, ਦਇਆ, ਧਰਮ ਆਦਿਕ–ਦਾ ਪਾਲਣਾ ਜ਼ਰੂਰੀ ਹੈ।

ਪਹਿਲੇ ਗੁਰ-ਪ੍ਰਮਾਣ ਅੰਦਰ ਤਾਂ ਸੁਚਿ (ਪਵਿਤ੍ਰਤਾ) ਨੂੰ ਏਥੋਂ ਤਕ ਦਰਜਾ ਦਿਤਾ ਹੈ ਕਿ ਸੱਚ–ਸਚਾਈ ਦੇ ਪੁੰਜ, ਭਾਵ ਮੁਜੱਸਮ ਸਚੁ ਅਕਾਲ ਪੁਰਖੁ ਨੂੰ ਧਿਆਵਨ ਅਤੇ ਪਾਵਨ ਲਈ ਪ੍ਰੀਤਮ-ਪ੍ਰਾਪਤੀ ਦੇ ਪ੍ਰੇਮ-ਪਾਂਧੀ, ਗੁਰ-ਦਰਸਾਈ ਗੁਰਚਾਲੀ ਚਲਣਹਾਰੇ ਗੁਰਸਿਖ ਮੀਤ ਨੂੰ ਸਭ ਤੋਂ ਵਧ ਕੇ 'ਸੁਚਿ' (ਸੁਚਮਤਾਈ) ਦਾ ਧਾਰਨੀ ਹੋਣਾ ਅਵੱਸ਼ ਜ਼ਰੂਰੀ ਹੈ ਅਤੇ ਦੂਜੇ ਗੁਰ ਪ੍ਰਮਾਣ ਅੰਦਰ ਜਿਸ ਸਿਖਸ਼ਾ ਰੂਪੀ ਮੰਤ੍ਰ ਦਾ ਵਰਨਣ ਹੈ ਉਸ ਸਿਖਸ਼ਾ ਮੰਤ੍ਰ ਦਾ ਇਕ ਜ਼ਰੂਰੀ ਅੰਗ 'ਸੁਚਿ' (ਸੁਚਮਤਾਈ) ਹੈ ਅਤੇ ਇਸ ਸਿਖਸ਼ਾ ਮੰਤ੍ਰ ਨੂੰ ਸਰਬ ਅੰਗਾਂ ਸਮੇਤ ਜਿਸ ਸਿਖ ਜਗਿਆਸੂ ਨੇ ਰਿਦਿਓਂ ਲਾ ਕੇ, ਭਾਵ ਮਨ ਬਚ ਕ੍ਰਮ ਕਰਕੇ ਪਛਾਣਿਆ ਹੈ, ਉਸ ਨੂੰ ਸਗਲੀ ਸੂਝ ਪ੍ਰਾਪਤ ਹੋਈ ਹੈ। ਤਾਂ ਤੇ ਸੁਚਮਤਾਈ (ਸੁਚਿ) ਦਾ ਅਸੂਲ ਇਸ 'ਸਗਲੀ ਸੂਝ' ਦੀ ਪ੍ਰਾਪਤੀ ਦਾ ਸਹਾਇਕ ਹੈ। ਤਾਹੀਂ ਤੇ ਇਸ ਸੁਚਮਤਾਈ (ਸੁਚ ਪਵਿਤ੍ਰਤਾ) ਦੇ ਧਾਰਨੀ ਸਿੰਘ ਸਜਨ ਦਾ ਸੁਚਮਤਾਈ ਸਹਿਤ ਸਜਾਇਆ ਹੋਇਆ, ਅਥਵਾ ਉਸ ਦੇ ਸੁਚਮ ਹੱਥਾਂ ਦਾ ਵਰਤਾਇਆ ਹੋਇਆ ਪ੍ਰਸ਼ਾਦ ਭੋਜਨ ਛਕਣਾ ਗੂੜ੍ਹ ਗੁਰਮਤਿ ਗੁਣਾਂ ਦੇ ਲਖਾਇਕ ਆਤਮ ਫਲਾਂ ਦਾ ਪ੍ਰਾਪਤ ਕਰਾਵਨਹਾਰਾ ਹੈ।

ਜੋ ਭੀ ਗੁਰੂ ਕਾ ਤਿਆਰ-ਬਰ-ਤਿਆਰ ਸਿੰਘ ਹੈ ਸੋ ਸੋਚ ਇਸ਼ਨਾਨ ਦਾ ਨੇਮੀ-ਪ੍ਰੇਮੀ ਹੋਣ ਕਰਕੇ ਸੁਚਮਤਾਈ, ਸ੍ਰੀਰਕ ਸਫ਼ਾਈ ਦਾ ਖਾਲਸ ਨਮੂਨਾ ਹੈ। ਸੁਚਮਤਾਈ-ਹੀਨ ਮਲੀਨ ਕ੍ਰਿਆ ਦੀ ਨਾਪਾਕੀ (ਅਸੁਧਤਾਈ) ਦਾ ਨਮੂਦ ਮਾਤਰ ਭੀ ਸੁਚਿਆਰ ਬਿਬੇਕੀ ਸਿੰਘ ਦੇ ਖਾਨ ਪਾਨ ਦੇ ਸਾਮਾਨ ਸਰੰਜਾਮ ਅੰਦਰ ਨਹੀਂ ਪਾਇਆ ਜਾਂਦਾ। ਅਤੇ ਜੋ ਕੁਛ ਭੀ ਖਾਨ ਪਾਨ ਦੇ ਪਦਾਰਥ ਗੁਰੂ ਕੇ ਸਿੰਘ ਸਜਾਉਂਦੇ ਹਨ, ਉਸ ਵਿਚ ਉਨ੍ਹਾਂ ਦੀ ਅਹੰਮੇਵ ਅਤੇ ਮੇਰ ਤੇਰ ਦੀ ਰਾਈ ਨਹੀਂ ਹੁੰਦੀ। ਗੁਰੂ ਨਮਿਤ ਗੱਫੇ ਸਜਾਉਂਦੇ ਹਨ ਅਤੇ ਗੱਫੇ ਸਜਾਉਂਦੇ ਹੋਏ ਗੁਰੂ ਗੁਰੂ ਉਚਾਰਨ ਕਰਦਿਆਂ ਸੁਆਸ ਸੁਆਸ ਗੁਰੂ ਨੂੰ ਧਿਆਉਂਦੇ, ਗੁਰ ਮੰਤ੍ਰ ਦੇ ਅਭਿਆਸ ਨੂੰ ਖਿਨ ਖਿਨ ਕਮਾਉਂਦੇ ਰਹਿੰਦੇ ਹਨ। ਅਤੇ ਇਸ ਬਿਧਿ ਪੂਰਨ ਪ੍ਰੇਮ ਭਾਵਨਾ ਦੀ ਘਾਲਨਾ ਸਹਿਤ ਸਜਾਏ ਭੋਜਨ ਪਦਾਰਥ ਨੂੰ–

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ (੧੩੭੫)

ਦੇ ਭਾਵ ਅਨੁਸਾਰ ਗੁਰੂ ਅਰਪਨ ਕਰ ਕੇ, ਗੁਰੂ ਨੂੰ ਭੋਗ ਲੁਆਉਂਦੇ ਹਨ, ਅਤੇ–

ਤੂ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ ॥੨੫॥ (੬੫੨)

ਦੇ ਗੁਰਵਾਕ ਅਨੁਸਾਰ ਦੇਵਣਹਾਰ ਦਾਤਾਰ ਗੁਰੂ ਦਾ ਦਿਤਾ ਗੱਫਾ ਸਮਝ ਕੇ ਛਕਾਉਂਦੇ ਭੁੰਚਾਉਂਦੇ ਅਤੇ ਆਪਣੇ ਮੂੰਹ ਪਾਉਂਦੇ ਤੇ ਆਪਣੀ ਰਸਨੀ ਲਾਉਂਦੇ ਹਨ। ਤਾਹੀਂ ਤੇ ਗੁਰੂ ਕੇ ਸਿੰਘ ਦਾ ਸਜਾਇਆ ਹੋਇਆ ਭੋਜਨ-ਪ੍ਰਸ਼ਾਦ, ਗੁਰੂ ਕੇ ਸਿੰਘਾਂ ਦੇ ਪਵਿੱਤਰ ਘਾਲ ਵਾਲੇ ਹੱਥਾਂ ਦਾ ਵਰਤਾਇਆ ਹੋਇਆ ਭੋਜਨ-ਪ੍ਰਸ਼ਾਦ ਅਤੇ



www.AKJ.Org

ਗੁਰੂ ਕੇ ਸਿੰਘਾਂ ਦਾ ਪ੍ਰੇਮ-ਭਾਵਨਾ ਸਹਿਤ ਛਕਾਇਆ ਭੁੰਚਾਇਆ ਹੋਇਆ ਭੋਜਨ ਪ੍ਰਸ਼ਾਦ, ਸਚਮੁਚ ਗੁਰ ਪ੍ਰਸ਼ਾਦ ਜਾਂ ਪਰਮ ਪਵਿੱਤਰ ਅੰਮ੍ਰਿਤ ਪ੍ਰਸ਼ਾਦ ਹੈ, ਜਿਸ ਨੂੰ ਭੁੰਚਣ-ਹਾਰਿਆਂ (ਛਕਣ-ਹਾਰਿਆਂ) ਦੇ ਅੰਦਰ ਭੁੰਚਣ ਸਾਰ ਹੀ ਸੱਚੀ ਸੁਚਮਤਾ ਧਾ ਜਾਂਦੀ ਹੈ ਅਤੇ ਅੰਮ੍ਰਿਤ ਦੇ ਸੁਆਦਾਂ ਅਸਰਾਂ ਵਾਲੀ ਪਵਿਤ੍ਰਤਾ ਪਰਵੇਸ਼ ਕਰ ਜਾਂਦੀ ਹੈ ।

ਇਸ ਤੋਂ ਉਲਟ ਬਿਕਲ, ਕੁਚੀਲ, ਰਜ਼ੀਲ, ਬਿਖਲੀਪਤ ਅਜਿਹੇ ਆਨਮਤੀ ਹਨ. ਜਿਨ੍ਹਾਂ ਦੇ ਨਿਕਟ ਸੁਚ ਜੂਠ ਦੀ ਕੋਈ ਤਮੀਜ਼ ਨਹੀਂ, ਜੋ ਸੁਚ, ਸੁਚਮਤਾਈ, ਪਵਿਤਰਤਾਈ, ਪਾਕੀਜ਼ਗੀ ਨੂੰ ਜਾਣਦੇ ਨਹੀਂ ਕਿ ਕਿਸ ਬਲਾ ਦਾ ਨਾਉ ਹੈ । ਜਿਨ੍ਹਾਂ ਦੀ ਕ੍ਰਿਆ ਮਲੀਨ ਤਿਨ੍ਹਾਂ ਦਾ ਬਣਾਇਆ ਹੋਇਆ ਭੋਜਨ ਭੀ ਮਲੀਨ ! ਤਿਨ੍ਹਾਂ ਮਲੀਨ ਹਥੋਂ ਲੈ ਕੇ ਖਾਧਾ ਭੋਜਨ ਭੀ ਮਲੀਨ ! ਤਿਨ੍ਹਾਂ ਮਲੀਨ ਅਚਾਰੀਆਂ, ਮਲੀਨ ਬਿਉਹਾਰੀਆਂ, ਮਲੇਛ ਹਿਰਦਾਰੀਆਂ (ਮਲੇਛ ਮਨੀਆਂ) ਦਾ ਭੋਜਨ-ਖਾਣਾ ਖਾ ਕੇ ਖਾਵਣਹਾਰੇ ਦੇ ਮਨ ਅੰਦਰ ਪੁਰੋ-ਪੁਰ ਮਲੀਨਤਾ ਹੀ ਧਾਉਂਦੀ ਹੈ । ਅਤੇ ਉਹਨਾਂ ਦੀ ਜੂਠ ਨੇ, ਜੂਠ ਭਰੇ ਹੱਥਾਂ ਨੇ, ਜੂਠ-ਮਲੀਣੇ ਖਾਣੇ ਨੇ ਜੂਠੋ ਜੂਠ ਹੀ ਵਰਤਾਉਣੀ ਹੈ । ਅਜਿਹੇ ਜੂਠ-ਪੰਥੀਆਂ ਦੇ ਪਰਥਾਇ ਹੀ ਭਾਈ ਗੁਰਦਾਸ ਜੀ ਨੇ ਉਚਾਰਿਆ ਹੈ ਕਿ–

ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ ॥ ਵਾਰ ੩੮, ਪਉੜੀ ੧੦

ਜਿਸ ਤੋਂ ਸਾਫ ਸਿਧ ਹੁੰਦਾ ਹੈ ਕਿ ਜੂਠਾ ਜਾਂ ਜੂਠ ਦਾ ਖਾਣਾ ਖਾਣ ਦੀ ਖਚ ਵਿਗੜ-ਵਾਦੀ ਵਾਲੀ ਖਲਜਗਣ ਵਿਚ ਜੋ ਪੈ ਗਏ ਹਨ ਓਹਨਾਂ ਦੀ ਜੂਠ, ਓਹਨਾਂ ਦੇ ਅੰਦਰ ਘਰ ਕਰ ਗਈ ਹੋਈ ਜੂਠ ਕਦੇ ਉਤਰਦੀ ਨਹੀਂ । ਓਹ ਸਰਾ-ਪਾ (ਸਿਰ ਤੋਂ ਪੈਰਾਂ ਤਾਈਂ) ਮੁਜੱਸਮ ਜੂਠ ਹੀ ਹੋ ਜਾਂਦੇ ਹਨ । ਤਿਨ੍ਹਾਂ ਜੂਠ-ਪੁੰਜਾਂ ਦੇ ਹਥੋਂ ਖਾਣਾ ਜੂਠ ਕ੍ਰਿਆ ਦਾ ਭਾਗੀ ਹੋਣਾ ਹੈ । ["ਗੁਰਮਤਿ ਬਿਬੇਕ" ਪੁਸਤਕ ਵਿਚੋਂ

# ਧੰਨਵਾਦ ਅਤੇ ਚੜ੍ਹਦੀ ਕਲਾ ਲਈ ਅਰਜ਼ੋਈ

ਅਖੰਡ ਕੀਰਤਨੀ ਜਥੇ ਦੇ ਸਿੰਘਾਂ ਸਿੰਘਣੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਤੇ ਹੋ ਰਹੇ ਤਸ਼ੱਦਦ ਅਤੇ ਪ੍ਰੇਸ਼ਾਨੀਆਂ ਦੀ ਨਵਿਰਤੀ ਹਿਤ ਦੇਸਾ ਪਰਦੇਸ ਵਿਚੋਂ, ਅਖੰਡਪਾਠਾਂ, ਸਹਿਜ ਪਾਠਾਂ, ਕੀਰਤਨ ਅਤੇ ਅਰਦਾਸਾਂ ਦੀ ਸੂਚਨਾ ਮਿਲੀ ਹੈ ਚਿਠੀਆਂ ਅਤੇ ਤਾਰਾਂ ਵੀ ਪ੍ਰਾਪਤ ਹੋਈਆਂ ਹਨ । ਕਈ ਗੁਰਮੁਖ ਪਿਆਰੇ ਆਪ ਖੇਚਲ ਕਰ ਕੇ ਲੰਮੇ ਪੈਂਡੇ ਕਟ ਕੇ ਵੀ ਪਹੁੰਚੇ ਹਨ । ਇਸ ਸੰਖੇਪ ਲਿਖਤ ਰਾਹੀਂ ਉਨ੍ਹਾਂ ਸਮੂਹ ਗੁਰੂ ਪਿਆਰਿਆਂ ਦਾ ਧੰਨਵਾਦ ਨਹੀਂ ਕੀਤਾ ਜਾ ਸਕਦਾ । ਉਨ੍ਹਾਂ ਦੇ ਉਪਰ ਲੇ ਅਤੇ ਸ਼ੁਭ ਇਛਾਵਾਂ ਤਾਂ ਹੁਣ ਸਦੀਵੀ ਲੋੜੀਦੀਆਂ ਹਨ । ਸ਼ੁਕਰਾਨਾ ਤਾਂ ਹਰਦਮ ਗੁਰੂ ਸਾਹਿਬ ਜੀ ਦਾ ਹੀ ਕਰਨਾ ਲੋੜੀਂਦਾ ਹੈ, ਕੀਤਾ ਜਾ ਰਿਹਾ ਹੈ ਅਤੇ ਕਰੀ ਜਾਣਾ ਚਾਹੀਦਾ ਹੈ । ਜਿਸ ਦੀ ਜਗਤ-ਖੇਡ ਹੈ ਉਹ ਆਪੇ ਕਰ ਕੇ ਦਖ ਅਤੇ ਵਿਗਸ ਰਿਹਾ ਹੈ । ਸਮੂਹ ਗੁਰਸਿਖਾਂ ਦੀ ਏਕਤਾ, ਪਰਸਪਰ ਪਿਆਰ ਅਤੇ ਤਨ ਮਨ ਧਨ ਕੁਰਬਾਨ ਕਰਨ ਦੀ ਭਾਵਨਾ ਪੈਦਾ ਕਰਨ ਦੀ ਲੋੜ ਹੈ ਅਤੇ ਸਹੀ ਅਰਥਾਂ ਵਿਚ ਅੰਮ੍ਰਿਤ ਛਕ ਕੇ ਸਿੱਖੀ ਜੀਵਨ ਅਪਨਾਉਣ ਤੇ ਸੰਸਾਰ ਨੂੰ ਸੇਧ ਦੇਣ ਦੀ ਲੋੜ ਹੈ ।

ਗੁਰੂ ਚਰਨਾਂ ਵਿਚ ਸਭ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਸਤਿਗੁਰੂ ਸਚੇ ਪਾਤਸ਼ਾਹ ਜੀ ਅਸਾਂ ਸੁਆ-ਰਥੀ, ਚੁਧਰੰਮੇ ਅਤੇ ਕੁਰਸੀ ਦੀ ਭੁਖ ਰਖਣ ਵਾਲਿਆਂ ਅਖੌਤੀ ਸਿਖਾਂ ਨੂੰ ਸੁਮੱਤ ਬਖਸ਼ਣ, ਤਾਂ ਜੁ ਇਸ ਲੋਕ ਵਿਚ ਗੁਰੂ ਚਰਨਾਂ ਨਾਲ ਜੁੜ ਕੇ ਸਿਖ ਧਰਮ ਵਲ ਆਪਣੀਆਂ ਮੁਹਾਰਾਂ ਮੋੜ ਲਈਏ ਅਤੇ ਗੁਰੂ ਪੰਥ ਦੇ ਸੇਵਾਦਾਰ ਹੋ ਕੇ ਜਗਤ ਵਿਚ ਵਿਚਰੀਏ ਅਤੇ ਸਦਾ ਗੁਰੂ ਪੰਥ ਦੇ ਅਨੁਸਾਰੀ ਰਹੀਏ । ਪੰਥ ਦੀ ਅਗਵਾਈ ਕੇਵਲ ਅੰਮ੍ਰਿਤਧਾਰੀ, ਸਿਖ ਰਹਿਤ ਬਹਿਤ ਵਿਚ ਪੂਰੇ, ਬਚਨ ਦੇ ਸੂਰੇ, ਨਿਤਨੇਮੀ, ਦਾੜ੍ਹੇ ਪ੍ਰਕਾਸ਼ ਵਾਲੇ ਗੁਰਸਿਖਾਂ ਦੇ ਹੱਥ ਵਿਚ ਹੀ ਹੋਣੀ ਚਾਹੀਦੀ ਹੈ । ਇੰਜ ਹੀ ਪੰਥ ਦੀ ਚੜ੍ਹਦੀ ਕਲਾ ਹੋ ਸਕਦੀ ਹੈ । ਢਿਲੜ ਜੀਵਨ ਬਤੀਤ ਕਰਨ ਵਾਲੇ ਸਿਖ ਕਦੇ ਪੰਥ ਨੂੰ ਚੜ੍ਹਦੀ ਕਲਾ ਵਲ ਨਹੀਂ ਲਿਜਾ ਸਕਣਗੇ ਅਤੇ ਨਾ ਹੀ ਅਗੇ ਲਿਜਾ ਸਕੇ ਹਨ । ਚੜ੍ਹਦੀ ਕਲਾ ਤਾਂ ਗੁਰੂ ਮੇਹਰ ਸਦਕਾ ਹੀ ਹੋਣੀ ਹੈ । ਆਪਣੇ ਭਾਣੇ ਵਿਚ ਵਿਚਰਨ ਵਾਲਿਆਂ ਉਪਰ ਇਹ ਮੇਹਰ ਕੈਸੇ ? ਸਤਿਗੁਰੂ ਸਦਾ ਮੇਹਰ ਕਰਨ ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ ਅਖੰਡ ਕੀਰਤਨੀ ਜਥਾ) ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ

[ਵਲੋਂ :—ਪ੍ਰੋਫੈਸਰ ਠਾਕਰ ਸਿੰਘ ਜੀ; ਅੰਮ੍ਰਿਤਸਰ]

ਸ੍ਰੀ ਮਾਨ ਬਾਊ ਮੱਲ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਉਪਰੋਕਤ ਨਾਂ ਦੀ ਪੁਸਤਕ ਵਿਚ ਦਿਤਾ ਗਿਆ ਹੈ। ਸ੍ਰੀਮਾਨ ਬਾਊ ਜੀ ਦੇ ਜੀਵਨ ਦਾ ਬਹੁਤਾ ਹਿੱਸਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗ-ਸਾਥ ਬੀਤਿਆ ਹੈ, ਜਿਸ ਕਰਕੇ ਭਾਈ ਸਾਹਿਬ ਜੀ ਦੇ ਜੀਵਨ ਨਾਲ ਜੁੜਵੀਆਂ ਘਟਨਾਵਾਂ ਵੀ ਬਹੁਤ ਸਾਰੀਆਂ ਇਸ ਪੁਸਤਕ ਵਿਚ ਬਿਆਨੀਆਂ ਗਈਆਂ ਹਨ।

ਅਸੀਂ 'ਸੂਰਾ' ਦੇ ਪੰਨਿਆਂ ਵਿਚ ਇਸ ਛਪਣ ਵਾਲੀ ਪੁਸਤਕ ਦੇ ਲੇਖ ਕਿਸ਼ਤਵਾਰ ਇਸੇ ਹੈਡਿੰਗ ਹੇਠ ਹਰ ਮਹੀਨੇ ਦੇਣ ਦਾ ਜਤਨ ਕਰਾਂਗੇ। —ਸੰਪਾਦਕ

## ਬਾਊ ਮੱਲ ਸਿੰਘ ਜੀ ਦਾ ਜਨਮ ਤੇ ਬਚਪਨ—

ਸੰਨ ੧੮੭੯ ਈਸਵੀ ਵਿਚ ਪਿੰਡ ਸਰਲੀ ਜ਼ਿਲਾ ਅੰਮ੍ਰਿਤਸਰ ਵਿਖੇ ਪਿਤਾ ਸ: ਕਾਹਨ ਸਿੰਘ ਤੇ ਮਾਤਾ ਗੁਲਾਬ ਕੌਰ ਦੇ ਗ੍ਰਹਿ ਵਿਖੇ ਆਪ ਜੀ ਦਾ ਜਨਮ ਹੋਇਆ। ਤਿੰਨ ਭਾਈਆਂ ਅਤੇ ਦੋਹਾਂ ਭੈਣਾਂ ਵਿਚੋਂ ਆਪ ਜੀ ਸਭ ਤੋਂ ਛੋਟੇ ਸਨ। ਭੈਣਾਂ ਦੋਵੇਂ ਵਿਆਹੀਆਂ ਹੋਈਆਂ ਸਨ। ਆਪ ਜੀ ਅਜੇ ਛੇ ਕੁ ਵਰ੍ਹਿਆਂ ਦੇ ਸਨ ਅਤੇ ਵੱਡੇ ਭਾਈ ਸ: ਵਰਿਆਮ ਸਿੰਘ ਜੀ ਸੋਲ੍ਹਾਂ ਕੁ ਸਾਲਾਂ ਦੇ ਸਨ, ਜਦ ਪਿਤਾ ਜੀ ਚੜ੍ਹਾਈ ਕਰ ਗਏ।

ਇਸ ਸਮੇਂ ਦੀ ਇਕ ਵੈਰਾਗਮਈ ਵਾਰਤਾ ਬਾਊ ਜੀ ਆਪਣੀ ਜ਼ਬਾਨੀ ਇਸ ਤਰ੍ਹਾਂ ਸੁਣਾਇਆ ਕਰਦੇ ਸਨ ਕਿ ਜਦ ਪਿਤਾ ਜੀ ਚੜ੍ਹਾਈ ਕਰਨ ਲਗੇ ਤਾਂ ਕਈ ਆਂਢੀ ਗੁਆਂਢੀ ਇਕੱਠੇ ਹੋ ਗਏ ਅਤੇ ਉਨ੍ਹਾਂ ਵਿਚੋਂ ਇਕ ਨੇ ਪਿਤਾ ਜੀ ਨੂੰ ਕਿਹਾ, "ਕਾਹਨ ਸਿੰਘਾ! ਅਜੇ ਸਾਰਾ ਆਵਾ ਕੱਚਾ ਹੈ।" ਪਿਤਾ ਜੀ ਨੇ ਬੜੀ ਗੰਭੀਰਤਾ ਤੇ ਠਰ੍ਹੰਮੇ ਨਾਲ ਉਤਰ ਦਿਤਾ ਕਿ ਇਹ ਠੀਕ ਹੈ, ਪਰ ਮੇਰੇ ਪੁੱਤਰ ਕਿਸੇ ਦਾ ਉਲਾਂਭਾ ਨਹੀਂ ਲਿਆਉਣਗੇ।

ਘਰ ਦੀ ਸੰਭਾਲ ਕਰਨ ਵਾਲਾ ਮਾਤਾ ਜੀ ਤੋਂ ਬਿਨਾਂ ਹੋਰ ਕੋਈ ਬਜ਼ੁਰਗ ਘਰ ਵਿਚ ਨਹੀਂ ਸੀ। ਘਰ ਵਿਚ ਅਤਿ ਦੀ ਗਰੀਬੀ ਵਰਤ ਗਈ। ਇਸੇ ਉਮਰੇ ਮਾਤਾ ਜੀ ਨੇ ਆਪਣੇ ਛੋਟੇ ਪੁੱਤਰ ਮੱਲ ਸਿੰਘ ਜੀ ਨੂੰ ਸਕੂਲੇ ਪੜ੍ਹਨੇ ਪਾ ਦਿਤਾ, ਜੋ ਕਿ ਬੜਾ ਹੋਣਹਾਰ ਸਾਬਤ ਹੋਇਆ।

ਇਨ੍ਹਾਂ ਦਿਨਾਂ ਵਿਚ ਗੁਰੂ-ਬੰਸ ਦੇ ਵਿਅਕਤੀਆਂ ਦੀ ਬੜੀ ਇਜ਼ਤ ਸੀ। ਦਿਵਾਲੀ ਵਿਸਾਖੀ ਸਮੇਂ ਜਦੋਂ ਉਹ ਪਿੰਡਾਂ ਵਿਚ ਸਿੱਖੀ ਪਰਚਾਰ ਲਈ ਚਕਰ ਲਾਉਂਦੇ ਸਨ ਤਾਂ ਉਨ੍ਹਾਂ ਨੂੰ 'ਗੁਰੂ ਕੇ' ਆਖ ਕੇ ਸਤਿਕਾਰਿਆਂ ਜਾਂਦਾ ਸੀ।

ਸ੍ਰੀ ਬਾਊ ਜੀ ਤੀਜੀ ਜਮਾਤੇ ਪੜ੍ਹਦੇ ਸਨ ਕਿ ਇਨ੍ਹਾਂ ਦੇ ਪਿੰਡ ਸਰਲੀ ਵਿਖੇ ਬਟਾਲੇ ਤੋਂ ਬੇਦੀ ਬੰਸ ਦੇ ਬਾਬਾ ਜੀ ਫੇਰੀ ਤੇ ਆਏ, ਤਾਂ ਮਾਂ ਨੇ ਬੇਟੇ ਨੂੰ ਇਕ ਦਮੜਾ ਦਿਤਾ ਤੇ ਕਿਹਾ ਕਿ ਗੁਰੂ ਕਿਆਂ ਨੂੰ ਮੱਥਾ ਟੇਕ ਆਓ। ਉਹ ਗਏ ਤੇ ਦਮੜਾ ਅਗੇ ਰਖ ਕੇ ਮੱਥਾ ਟੇਕ ਆਏ। ਵਾਪਸ ਆ ਕੇ ਮਾਤਾ ਜੀ ਨੂੰ ਕਹਿਣ ਲਗੇ, "ਮਾਂ ਜੀ, ਗੁਰੂ ਕੇ ਝੁੰਗਲਮਾਟਾ ਕਰ ਕੇ ਚੁਪ ਬੈਠੇ ਸਨ ਤੇ ਮੈਂ ਦਮੜਾ ਅਗੇ ਰਖ ਕੇ ਮੱਥਾ ਟੇਕ ਆਇਆ ਹਾਂ। ਉਹ ਇਸ ਤਰ੍ਹਾਂ ਚੁਪ ਕਰ ਕੇ ਚਾਦਰ ਲੈ ਕੇ ਕਿਉਂ ਬੈਠੇ ਸਨ?" ਮਾਂ ਕਹਿਣ ਲਗੀ, ਬੇਟਾ, ਉਹ ਇਕਾਂਤ ਬੈਠ ਕੇ ਭਜਨ-ਪਾਠ ਕਰਦੇ ਹਨ। ਬੇਟੇ ਨੇ ਫਿਰ ਪੁਛਿਆ ਕਿ ਮਾਂ ਜੀ, ਭਜਨ ਕੀ ਹੁੰਦਾ ਹੈ? ਤਾਂ ਮਾਂ ਨੇ ਸਹਿਜ-ਭਾ ਵਿਚ ਬੱਚੇ ਨੂੰ ਪਿਆਰ ਨਾਲ ਦਸਿਆ ਕਿ ਗੁਰਬਾਣੀ ਦਾ ਪਾਠ ਕਰਦੇ ਉਹ ਅਨੰਦ ਮਾਣਦੇ ਹਨ ਤੇ ਇਉਂ ਰੱਬ ਦੀ ਭਗਤੀ ਕਰਦੇ ਹਨ। ਬਸ ਇਹ ਗੱਲ ਆਪ ਦੇ ਮਨ ਵਿਚ ਘਰ ਕਰ ਗਈ ਅਤੇ ਅੰਤਸ਼ਕਰਣ ਦੀ ਤਖ਼ਤੀ ਤੇ ਅਮਿੱਟ ਲਕੀਰ ਵਾਂਗ ਉਕਰੀ ਗਈ। ਸ਼ੀਘਰ ਹੀ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਤੋਂ ਜਪੁਜੀ ਦਾ ਉਰਦੂ ਵਿਚ ਗੁਟਕਾ ਮੰਗਵਾਇਆ। ਆਪ ਰੋਜ਼ਾਨਾ ਨੇਮ ਨਾਲ ਸਵੇਰੇ ਘਰ ਦੇ ਸਾਹਮਣੇ ਦੀ ਢਾਬ ਵਿਚ ਇਸ਼ਨਾਨ ਕਰ ਕੇ ਘਰ ਆ ਜਾਣਾ ਅਤੇ ਜਪੁ ਜੀ ਦਾ ਪਾਠ ਕਰਨਾ। ਮਾਂ ਨੇ ਨਾਲੇ ਚਰਖਾ ਕਤਣਾ ਤੇ ਨਾਲੇ ਪਾਠ ਸੁਣਨਾ। ਇਹ ਪਾਠ ਉਸ ਦਿਨ ਤੋਂ



www.AKJ.Org

ਹੀ ਆਪ ਦਾ ਸਾਰੀ ਜ਼ਿੰਦਗੀ ਦਾ ਅੰਮ੍ਰਿਤ ਵੇਲੇ ਦਾ ਨਿਤਨੇਮ ਬਣ ਗਿਆ, ਜੋ ਸਤਿਗੁਰੂ ਜੀ ਨੇ ਸਾਰੀ ਆਯੂ ਪੂਰੀ ਤਰ੍ਹਾਂ ਨਿਭਾਇਆ। ਬਾਲ-ਵਰੇਸ ਦੇ ਨਿਰਛਲ ਸਵੱਛ ਹਿਰਦੇ ਵਿਚ ਗੁਰਬਾਣੀ ਦਾ ਅੰਕੁਰ ਬੀਜ ਬੀਜਿਆ ਗਿਆ। ਇਸ ਅੰਕੁਰ ਨੇ ਫਲੀਭੂਤ ਹੋਣਾ ਹੀ ਸੀ। ਇਹ ਅੰਕੁਰ ਅੰਤ ਨੂੰ "ਪੂਰਬ ਜਨਮ ਕੇ ਮਿਲੇ ਸੰਜੋਗੀ" ਦੇ ਅਟੱਲ ਹੁਕਮ ਵਿਚ ਜੁਬਾ ਅਵਸਥਾ ਸਮੇਂ, ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ ਨਾਲ ਧੁਰੋਂ ਲਿਖਿਆ ਸੰਜੋਗ-ਮੇਲ ਹੋਣ ਉਪਰੰਤ, ਕਿਵੇਂ ਭਰਪੂਰ ਹੋ ਕੇ ਫੁਲਿਆ ਫਲਿਆ, ਇਸ ਦੀ ਸੰਖੇਪ ਕਥਾ ਅਗਲੇ ਪੰਨਿਆਂ ਵਿਚ ਅੰਕਿਤ ਹੈ।

ਸ੍ਰੀ ਬਾਊ ਜੀ ਨੇ ਪੰਜਵੀਂ ਜਮਾਤ ਪਾਸ ਕੀਤੀ ਤਾਂ ਗੁਰੂ ਕੇ ਜਦ ਉਸ ਸਾਲ ਫੇਰੇ ਤੇ ਆਏ ਤਾਂ ਇਸ ਬੱਚੇ ਨੂੰ ਹੋਣਹਾਰ ਜਾਤਾ ਤੇ ਘਰ ਦੀ ਗਰੀਬੀ ਨੂੰ ਮੁਖ ਰਖ ਕੇ, ਅਗਲੀ ਪੜ੍ਹਾਈ ਜਾਰੀ ਰਖਣ ਲਈ ਆਪਣੇ ਪਾਸ ਬਟਾਲੇ ਭੇਜਣ ਲਈ ਪੱਕੀ ਕਰ ਗਏ। ਬਟਾਲਾ, ਸਰਲੀ ਤੋਂ ੩੦-੩੫ ਮੀਲ ਹੈ। ਇਨ੍ਹਾਂ ਦੇ ਵਡੇ ਭਾਈ ਸ: ਵਰਿਆਮ ਸਿੰਘ ਇਨ੍ਹਾਂ ਨੂੰ ਬਟਾਲੇ ਛਡਣ ਗਏ ਅਤੇ ਮੁੜਨ ਲਗਿਆਂ ਆਪਣੇ ਭਾਈ ਨੂੰ ਪੱਕੀ ਕੀਤੀ ਕਿ ਇਹ ਗੁਰੂ ਕਿਆਂ ਦਾ ਘਰ ਹੈ, ਸੇਵਾ ਤੋਂ ਮੇਵਾ ਅਤੇ ਟਹਿਲ ਤੋਂ ਮਹਿਲ ਮਿਲਦਾ ਹੈ, ਸੇਵਾ ਕਰੀਂ, ਉਸ ਤੋਂ ਸਭ ਕੁਝ ਮਿਲੇਗਾ।

ਗੁਰੂ ਕਿਆਂ ਦੇ ਪਰਵਾਰ ਨੇ ਬੜੇ ਪਿਆਰ ਨਾਲ 'ਜੀ ਆਇਆਂ' ਆਖਿਆ ਤੇ ਸੰਭਾਲ ਲਈ ਤਸੱਲੀ ਦਿਤੀ। ਪਹਿਲੇ ਦਿਨ ਤੋਂ ਹੀ ਸ੍ਰੀ ਬਾਊ ਜੀ ਸੇਵਾ ਵਿਚ ਜੁਟ ਗਏ। ਪੜ੍ਹਾਈ ਤੋਂ ਵਿਹਲੇ ਹੋ ਕੇ ਘਰ ਵਿਚ ਹਰ ਕਿਸਮ ਦੀ ਸੇਵਾ ਕਰਨੀ। ਉਨ੍ਹਾਂ ਦਿਨਾਂ ਵਿਚ ਬਾਹਰੋਂ ਖੂਹਾਂ ਤੋਂ ਪਾਣੀ ਢੋਹਣਾ ਹੁੰਦਾ ਸੀ। ਆਪ ਜੀ ਨੇ ਸਾਰਾ ਵਕਤ ਪਾਣੀ ਢੋਹਣਾ, ਭਾਂਡੇ ਮਾਂਜਣੇ ਅਤੇ ਘਰ ਵਿਚ ਜੋ ਸੇਵਾ ਵੀ ਮਿਲੇ, ਉਸ ਲਈ ਸਦਾ ਤਤਪਰ ਰਹਿਣਾ। ਥੋੜੇ ਸਮੇਂ ਵਿਚ ਹੀ ਗੁਰੂ ਕਿਆਂ ਨੂੰ ਤੇ ਉਨ੍ਹਾਂ ਦੇ ਪਰਵਾਰ ਨੂੰ ਅਜਿਹਾ ਪ੍ਰਸੰਨ ਕੀਤਾ ਤੇ ਉਨ੍ਹਾਂ ਵਿਚ ਅਜਿਹੇ ਰਚ ਮਿਚ ਗਏ ਕਿ ਗੁਰੂ ਕੇ ਇਨ੍ਹਾਂ ਨੂੰ ਆਪਣਾ ਚੌਥਾ ਪੁੱਤਰ ਕਹਿਣ ਲਗ ਪਏ। ਅਗੇ ਉਨ੍ਹਾਂ ਦੇ ਤਿੰਨ ਪੁਤਰ ਸਨ।

**ਫੌਜੀ ਨੌਕਰੀ :–**

ਅਜੇ ਨੌਵੀਂ ਜਮਾਤ ਵਿਚ ਹੀ ਬਟਾਲੇ ਪੜ੍ਹਦੇ ਸਨ ਕਿ ਗੁਰੂ ਨੇਤ ਨਾਲ ਆਪ ਦੇ ਜੀਵਨ ਦਾ ਕਾਂਟਾ ਬਦਲਣ ਦੀ ਬਿਧ ਆ ਬਣੀ। ਘਰ ਦਿਆਂ ਨਾਲ ਸਲਾਹ ਕਰ ਕੇ ਇਕ ਰਿਸ਼ਤੇਦਾਰ ਦੇ ਵਸੀਲੇ ਨਾਲ ਕੋਇਟੇ ਜਾ ਕੇ ੩੮ ਨੰਬਰ ਰਸਾਲੇ ਵਿਚ ਭਰਤੀ ਹੋ ਗਏ। ਉਨ੍ਹੀਂ ਦਿਨੀਂ ਰਸਾਲੇ ਦੇ ਘੋੜ-ਚੜ੍ਹੇ ਸਵਾਰਾਂ ਦੀ ਬੜੀ ਸ਼ਾਨ ਹੁੰਦੀ ਸੀ। ਕੁਝ ਸਮੇਂ ਪਿਛੋਂ ਆਪ ਜੀ ਫ਼ੌਜੀ ਬਰਦੀ ਵਿਚ ਸਜੇ ਹੋਏ ਗਭਰੂ, ਜੁਆਨ ਬਰੇਸ, ਸ਼ਾਨਦਾਰ ਘੋੜੇ ਤੇ ਸਵਾਰ, ਨਾਲ ਘੋੜੇ ਦੀ ਸੰਭਾਲ ਲਈ ਰਾਂਝਾ ਨਾਂ ਦਾ ਸਾਈਸ, ਪਿੰਡ ਨਾਗੋਕੀ ਸਰਲੀ ਜ਼ਿਲਾ ਲਾਇਲਪੁਰ ਵਿਚ ਪਹਿਲੀ ਰਜਾ (ਛੁੱਟੀ ਤੇ) ਆਏ। ਇਥੇ ਇਨ੍ਹਾਂ ਦੇ ਵਡੇ ਭਾਈ ਵਰਿਆਮ ਸਿੰਘ ਨੂੰ ਇਕ ਮੁਰੱਬਾ ਜ਼ਮੀਨ ਮਿਲ ਗਈ ਹੋਈ ਸੀ ਤੇ ਸਾਰਾ ਪਰਵਾਰ ਉਥੇ ਹੀ ਵਸਦਾ ਸੀ। ਸਤ ਮਹੀਨਿਆਂ ਦੀ ਪਹਿਲੀ ਛੁੱਟੀ ਸੀ। ਸਾਰੇ ਪਰਵਾਰ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਚਾਉ ਨਾ ਚੁਕੇ ਜਾਣ। ਛੁੱਟੀ ਕਟ ਕੇ ਆਪ ਜੀ ਫਿਰ ਰਸਾਲੇ ਵਿਚ ਜਾ ਹਾਜ਼ਰ ਹੋਏ।

ਓਦੋਂ ਅੰਗਰੇਜ਼ੀ ਪੜ੍ਹੇ ਲਿਖੇ ਨੌਜਵਾਨ ਕੋਈ ਟਾਵੇਂ ਟਾਵੇਂ ਹੀ ਹੁੰਦੇ ਸਨ। ਅੰਗਰੇਜ਼ੀ ਪੜ੍ਹੇ ਲਿਖੇ ਹੋਣ ਕਰਕੇ ਆਪ ਜੀ ਨੂੰ ਕਲਰਕ ਦੀ ਡਿਊਟੀ ਸੌਂਪ ਦਿਤੀ ਗਈ। ਇਸੇ ਕਰਕੇ ਆਪ ਜੀ "ਬਾਬੂ ਜੀ" ਦੇ ਨਾਮ ਨਾਲ ਪੁਕਾਰੇ ਜਾਣ ਲਗੇ। ਜਦੋਂ ਪਿਛੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਮੇਲ ਹੋਇਆ ਤਾਂ ਉਹ ਆਪ ਜੀ ਨੂੰ ਬਾਬੂ ਜੀ ਦੇ ਥਾਂ "ਬਾਊ ਜੀ" ਕਰ ਕੇ ਆਖਿਆ ਕਰਦੇ ਸਨ। ਨਿਤਨੇਮ ਬਾਣੀ ਦੇ ਆਪ ਪੱਕੇ ਨੇਮੀ ਪ੍ਰੇਮੀ ਬਣ ਚੁਕੇ ਸਨ ਅਤੇ ਆਪਣੀ ਫੌਜੀ ਡਿਊਟੀ ਵੀ ਪੂਰੀ ਲਗਨ ਤੇ ਦਿਆਨਤਦਾਰੀ ਨਾਲ ਨਿਭਾਉਂਦੇ ਸਨ, ਜਿਸ ਕਰਕੇ ਰਸਾਲੇ ਵਿਚ ਆਪ ਦਾ ਬੜਾ ਆਦਰ ਸਤਿਕਾਰ ਬਣ ਗਿਆ।



www.AKJ.Org

**ਅਨੰਦ ਕਾਰਜ–**

ਤਿੰਨ ਕੁ ਸਾਲ ਪਿਛੋਂ ਸੰਨ ੧੯੧੦ ਵਿਚ ਆਪ ਦੇ ਰਸਾਲੇ ਦੀ ਬਦਲੀ ਕੋਇਟੇ ਤੋਂ ਅੰਬਾਲੇ ਹੋ ਗਈ। ਆਪ ਦੇ ੩੯ ਨੰਬਰ ਰਸਾਲੇ ਦੇ ਹੈਡ ਕਲਰਕ ਸ: ਮਾਨ ਸਿੰਘ ਜੀ ਸਨ। ਆਪ ਜੀ ਦੇ ਕੰਮ-ਕਾਰ ਦੀ ਲਗਨ, ਦਿਅਨਤਦਾਰੀ ਅਤੇ ਉਚੇ ਸੁਚੇ ਇਖ਼ਲਾਕੀ ਗੁਣਾਂ ਤੋਂ ਸ: ਮਾਨ ਸਿੰਘ ਜੀ ਬੜੇ ਪ੍ਰਭਾਵਤ ਹੋਏ। ਉਨ੍ਹਾਂ ਨੇ ਕਪੂਰ-ਥਲੇ ਸ਼ਹਿਰ ਵਿਚ ਇਕ ਚੰਗੇ ਖ਼ਾਨਦਾਨ ਵਿਚ ਆਪ ਦਾ ਰਿਸ਼ਤਾ ਕਰਵਾ ਦਿਤਾ। ਬੀਬੀ ਨਿਹਾਲ ਕੌਰ ਜੀ ਆਪ ਨੂੰ ਬੜੇ ਚੰਗੇ ਤੇ ਸੁਚੱਜੇ ਜੀਵਨ-ਸਾਥੀ ਮਿਲ ਗਏ।

**ਅੰਮ੍ਰਿਤ ਛਕਣ ਦੇ ਸੰਜੋਗ ਬਝਣੇ–**

ਅੰਬਾਲੇ ਛਾਉਣੀ ਆਪ ਦੇ ਅਧਿਆਤਮੀ ਸੰਸਕਾਰ ਤੇ ਪੂਰਬਲੇ ਅੰਕੁਰ ਪਰਗਟ ਹੋਏ। ਇਹ ਇਕ ਵਚਿਤਰ ਵਾਰਤਾ ਹੈ। ਸ੍ਰੀ ਬਾਊ ਜੀ ਬਚਪਨ ਤੋਂ ਹੀ ਤਿਖੀ ਬੁਧੀ ਵਾਲੇ ਸਨ। ਇਥੇ ਆਪ ਜੀ ਦੀ ਬਾਲ-ਵਰੇਸ ਦੀ ਸਿਖੀ ਲਗਨ ਦੀ ਇਕ ਘਟਨਾ ਦਿਤੀ ਜਾਂਦੀ ਹੈ। ਇਕ ਦਿਨ ਇਨ੍ਹਾਂ ਦੀ ਮਾਤਾ ਬੇਬੇ ਗੁਲਬ ਕੌਰ ਜੀ ਨੇ ਆਟੇ ਦਾ ਦੀਵਾ ਬਣਾ ਕੇ ਵਿਚ ਘਿਓ ਪਾਇਆ ਤੇ ਦੇਵੀ ਦੀ ਜੋਤ ਜਗਾਈ। ਬਾਲੜੇ ਬਾਊ ਜੀ ਨੂੰ ਕਹਿਣ ਲਗੇ, "ਆਓ ਬੇਟਾ, ਦੇਵੀਂ ਨੂੰ ਮੱਥਾ ਟੇਕੋ।" ਆਪ ਨੇ ਲਾਗੇ ਪੁਜਦੇ ਹੀ ਜਗਦੀ ਜੋਤ ਨੂੰ ਫੂਕ ਮਾਰ ਕੇ ਬੁਝਾ ਦਿਤਾ ਅਤੇ ਆਟੇ ਦਾ ਦੀਵਾ ਵੇਹੜੇ ਬਧੀ ਗਊ ਦੇ ਮੂੰਹ ਵਿਚ ਦੇ ਦਿਤਾ। ਮਾਂ ਗੁੱਸੇ ਹੋਈ ਕਿ ਇਹ ਤੂੰ ਕੀ ਕੀਤਾ ? ਆਪ ਨੇ ਕਿਹਾ, "ਇਹ ਦੇਵੀਆਂ ਸਾਡੀਆਂ ਕੁਝ ਨਹੀਂ ਲਗਦੀਆਂ। ਸਿਖ ਗੁਰਬਾਣੀ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ। ਇਸੇ ਕਰਕੇ ਮੈਂ ਆਪ ਨੂੰ ਰੋਜ਼ ਜਪੁਜੀ ਦਾ ਪਾਠ ਸੁਣਾਉਂਦਾ ਹਾਂ।" ਮਾਂ ਨੇ ਫਿਰ ਕੀ ਕਹਿਣਾ ਸੀ, ਦੇਵੀ ਦੀ ਜੋਤ ਤਾਂ ਗਊ ਦੇ ਢਿਡ ਵਿਚ ਪਹੁੰਚ ਚੁਕੀ ਸੀ। ਇਹ ਕਹਾਣੀ ਸ੍ਰੀ ਬਾਊ ਜੀ ਹਾਸੇ ਵਿਚ ਆਪ ਸੁਣਾਇਆ ਕਰਦੇ ਸਨ।

ਸ੍ਰੀ ਜਪੁ ਜੀ ਸਾਹਿਬ ਦੇ ਪਾਠ-ਨਿਤਨੇਮ ਨਾਲ ਗੁਰਸਿਖੀ ਦਾ ਅੰਕੁਰ ਤਾਂ ਹਿਰਦੇ ਅੰਦਰ ਫੁਟ ਚੁਕਾ ਸੀ। ਬਟਾਲੇ ਗੁਰੂ ਕਿਆਂ ਦੀ ਸੰਗਤ ਨਾਲ ਗੁਰਮਤਿ ਦੇ ਹੋਰ ਵਿਚਾਰ ਵੀ ਅੰਦਰ ਸਿੰਚਰਦੇ ਗਏ। ਪਰ ਜਦੋਂ ਇਨ੍ਹਾਂ ਦਾ ਰਸਾਲਾ ਅੰਬਾਲੇ ਛਾਉਣੀ ਪੁਜਾ ਤਾਂ ਦਾਤਾ ਜੀ ਨੇ ਇਨ੍ਹਾਂ ਦਾ ਇਕ ਐਸੇ ਗੁਰਮੁਖ ਪਿਆਰੇ ਨਾਲ ਸੰਬੰਧ ਜੋੜ ਦਿਤਾ ਜਿਸ ਨੇ ਪਰਮਾਰਥਕ ਜ਼ਿੰਦਗੀ ਵਿਚ ਇਕ ਨਵਾਂ ਮੋੜ ਲੈ ਆਂਦਾ। ਇਹ ਸਨ ਗੁਰੂ ਪਿਆਰੇ ਜਮਾਦਾਰ ਸ੍ਰੀ ਮਾਨ ਪਿਆਰਾ ਸਿੰਘ ਜੀ ਪਿੰਡ ਮਹਿਲੋਵਾਲ (ਸਿਆਲਕੋਟ), ਜੋ ਰਸਾਲਾ ਨੰਬਰ ੮ ਅੰਬਾਲਾ ਛਾਉਣੀ ਵਿਚ ਹੀ ਐਜੂਕੇਸ਼ਨ ਅਫਸਰ ਲਗੇ ਹੋਏ ਸਨ (ਪਿਛੋਂ ਕਰਨਲ ਪਿਆਰਾ ਸਿੰਘ ਜੀ ਜੈਪੁਰ ਕਰਕੇ ਪਰਸਿਧ ਹੋਏ)।

ਸ: ਮਾਨ ਸਿੰਘ ਜੀ ਹੈਡ ਕਲਰਕ, ਜੋ ਸ: ਪਿਆਰਾ ਸਿੰਘ ਦੇ ਪਹਿਲਾਂ ਤੋਂ ਹੀ ਮੇਲੀ ਗੇਲੀ ਸੀ, ਉਨ੍ਹਾਂ ਨੂੰ ਮਿਲਣ ਗਏ। ਉਹ ਸੁਭਾਵਕ ਹੀ ਸ੍ਰੀ ਬਾਊ ਜੀ ਨੂੰ ਆਪਣੇ ਨਾਲ ਲੈ ਗਏ। ਉਥੇ ਬਚਨ-ਬਿਲਾਸ ਕਰਦਿਆਂ ਗੁਰਮਤਿ ਤੇ ਵੀ ਵੀਚਾਰ-ਵਟਾਂਦਰਾ ਸ਼ੁਰੂ ਹੋ ਗਿਆ। ਬਸ ਫੇਰ ਕੀ ਸੀ, 'ਹਮ ਜਿਨਸ ਹਮ ਪਰਵਾਜ਼' ਵਾਲੀ ਗੱਲ ਹੋਈ। ਪਹਿਲੀ ਮੁਲਾਕਾਤ ਵਿਚ ਹੀ ਇਕ ਦੂਜੇ ਦੀ ਪਛਾਣ ਹੋ ਗਈ ਅਤੇ ਪੀਡੀਆਂ ਗੰਢਾਂ ਪੈ ਗਈਆਂ। ਕਰਨਲ ਪਿਆਰਾ ਸਿੰਘ ਜੀ ਮੁਢ ਤੋਂ ਹੀ ਗੁਰਮਤਿ ਦੇ ਖੋਜੀ ਅਤੇ ਆਤਮਕ ਮੁਤਲਾਸ਼ੀ ਸਨ। ਤੇ ਗੁਰਸਿਖਾਂ ਦੀ ਸੰਗਤ ਲੋਚਦੇ ਰਹਿੰਦੇ ਸਨ।

ਕਰਨਲ ਸਾਹਿਬ ਤੇ ਬਾਊ ਜੀ ਦਾ ਇਕ ਦੂਜੇ ਪਾਸ ਆਉਣ ਜਾਣ ਹੋ ਗਿਆ। ਦੋਹਾਂ ਰਸਾਲਿਆਂ ਦਾ ਆਪਸ ਵਿਚ ਥੋੜਾ ਹੀ ਫ਼ਾਸਲਾ ਸੀ। ਸ: ਪਿਆਰਾ ਸਿੰਘ ਜੀ ਨੇ ਦਫ਼ਤਰ ਦੇ ਕੰਮ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਸ੍ਰੀ ਬਾਊ ਜੀ ਨੂੰ ਆ ਮਿਲਣਾ। ਉਹ ਇਸ ਗੱਲ ਦੇ ਪੱਕੇ ਵਿਸ਼ਵਾਸੀ ਸਨ ਕਿ ਗੁਰਸਿਖ ਵਾਸਤੇ ਬਹੁਤੇ ਬਚਨ-ਬਿਲਾਸ ਕਰਨ ਨਾਲੋਂ ਪਾਠ-ਸਿਮਰਨ ਕਰਨਾ ਵਧੇਰੇ ਜ਼ਰੂਰੀ ਹੈ। ਸੋ ਛੇਤੀ ਹੀ ਦੋਹਾਂ ਨੇ ਫ਼ੈਸਲਾ ਕੀਤਾ ਕਿ ਬਾਹਰ ਇਕਾਂਤ ਵਿਚ ਬੈਠਕੇ ਪਾਠ ਤੇ ਸਿਮਰਨ ਵਿਚ ਜੁੜਿਆ ਜਾਇਆ ਕਰੇ। ਉਨ੍ਹਾਂ ਦਿਨਾਂ ਵਿਚ ਰਸਾਲਿਆਂ ਦੀਆਂ ਛਾਉਣੀਆਂ ਦੇ ਨਾਲ ਕਾਫੀ ਖੁਲ੍ਹੀ ਜ਼ਮੀਨ ਪਈ ਹੁੰਦੀ ਸੀ। ਇਨ੍ਹਾਂ ਨੇ ਇਕ ਇਕਾਂਤ ਜਗ੍ਹਾ ਤੇ ਦਰੀ ਵਿਛਾ ਲਈ। ਕਰਨਲ ਸਾਹਿਬ ਨੇ ਸੁਝਾ ਦਿਤਾ ਕਿ ਪਾਠ ਕਰਨ ਤੋਂ ਪਹਿਲਾਂ "ਵਾਹਿਗੁਰੂ" ਸ਼ਬਦ ਦਾ ਅਭਿਆਸ ਕਰਨਾ ਜ਼ਰੂਰੀ ਹੈ। ਸੋ ਉਹ



www.AKJ.Org

ਨਾਮ ਜਪਣ ਵਿਚ ਜੁਟ ਪਏ, ਪਹਿਲਾਂ ਰਸਨਾ ਨਾਲ ਹੌਲੀ ਹੌਲੀ, ਫਿਰ ਉਚੀ ਉਚੀ। ਬਾਊ ਜੀ ਨਾਲੋ ਨਾਲ, ਜਿਵੇਂ ਉਹ ਕਰਦੇ ਸਨ, ਕਰੀ ਗਏ, ਪਹਿਲੇ ਰਸਨਾ ਨਾਲ ਹੌਲੀ ਹੌਲੀ, ਫਿਰ ਉਚੀ ਉਚੀ ਤੇ ਜ਼ੋਰੋ ਜ਼ੋਰ। ਸਤਿਗੁਰੂ ਜੀ ਦੀ ਐਸੀ ਕਲਾ ਵਰਤੀ ਕਿ ਸ੍ਰੀ ਬਾਊ ਜੀ ਤੇ ਵਿਸਮਾਦੀ ਦਸ਼ਾ ਤਾਰੀ ਹੋ ਗਈ। ਬਾਊ ਜੀ ਦਸਿਆ ਕਰਦੇ ਸਨ ਕਿ ਜਿਵੇਂ ਨਹਿਰ ਦੇ ਮੋਘੇ ਵਿਚੋਂ ਪਾਣੀ ਚਲ ਪੈਂਦਾ ਹੈ ਓਸੇ ਤਰ੍ਹਾਂ ਸਿਮਰਨ ਆਪਣੇ ਆਪ ਜ਼ੋਰੋ ਜ਼ੋਰ ਵਿਸਮਾਦੀ ਰੰਗਾਂ ਵਿਚ ਚਲਣ ਲਗ ਪਿਆ। ਦੋਵੇਂ ਅੱਧੀ ਰਾਤ ਤੋਂ ਪਿਛੋਂ ਤਕ ਸਿਮਰਨ ਵਿਚ ਜੁਟੇ ਰਹੇ। ਫਿਰ ਉਠ ਕੇ ਆਪੋ ਆਪਣੇ ਟਿਕਾਣਿਆਂ ਤੇ ਚਲੇ ਗਏ। ਪਰ ਪਹਿਲਾਂ ਫ਼ੈਸਲਾ ਕਰ ਲਿਆ ਸੀ ਕਿ ਅਗੇ ਨੂੰ ਰੋਜ਼ ਇਹੋ ਕੁਝ ਕਰਿਆ ਕਰਨਾ ਹੈ। ਦੋਹਾਂ ਨੇ ਪਹਿਲੇ ਦਿਨ ਹੀ ਇਤਨਾ ਅਨੰਦ ਮਾਣਿਆ ਕਿ ਉਨ੍ਹਾਂ ਦੀ ਸੁਰਤੀ ਬਿਰਤੀ ਵਿਚ ਪਲਟਾ ਆ ਗਿਆ।

ਇਕ ਦਿਨ ਅੰਬਾਲੇ ਕਾਫ਼ੀ ਬਾਰਸ਼ ਹੋਈ। ਸ: ਪਿਆਰਾ ਸਿੰਘ ਜੀ ਬਾਊ ਜੀ ਦੇ ਰਸਾਲੇ ਦੇ ਗੁਰਦੁਆਰੇ ਵਿਚ ਆ ਕੇ ਬੈਠ ਗਏ ਤੇ ਬਾਊ ਜੀ ਨੂੰ ਕਵਾਟਰ ਤੋਂ ਸਦ ਭੇਜਿਆ। ਜਦੋਂ ਬਾਊ ਜੀ ਆ ਗਏ ਤਾਂ ਪਿਆਰਾ ਸਿੰਘ ਜੀ ਨੇ ਗੁਰਦੁਆਰੇ ਸਾਹਿਬ ਵਾਲਾ ਹਾਰਮੋਨੀਅਮ ਖੋਲ੍ਹ ਲਿਆ ਅਤੇ ਡਾਢੇ ਬੈਰਾਗ ਵਿਚ ਸ਼ਬਦ ਪੜ੍ਹਿਆ—

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥

ਜਦੋਂ ਇਸ ਸ਼ਬਦ ਦੀਆਂ ਆਖ਼ਰੀ ਤੁਕਾਂ ਬਾਰਬਾਰ ਪੜ੍ਹੀਆਂ—

ਮੈ ਨਾਹੀ ਕਛੁ ਹਉ ਨਹੀ, ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥ [ਬਾਣੀ ਸਧਨੇ ਕੀ ਬਿਲਾਵਲ, ੮੫੮

ਤਾਂ ਸ੍ਰੀ ਬਾਊ ਜੀ ਦੀ ਆਤਮਾ ਤੇ ਐਸਾ ਡੂੰਘਾ ਅਸਰ ਹੋਇਆ ਕਿ ਆਪ ਬਿਹਬਲ ਹੋ ਗਏ। ਫਿਰ ਕੁਝ ਚਿਰ ਲਈ ਚੁਪ ਛਾਈ ਰਹੀ। ਅੰਤ ਕਰਨਲ ਸਾਹਿਬ ਬੋਲੇ, "ਭਾਈ ਸਾਹਿਬ ਜੀ, ਤੁਹਾਨੂੰ ਪਤਾ ਹੈ ਕਿ ਮੈਂ ਇਥੇ ਕਿਉਂ ਆਇਆ ਹਾਂ ਅਤੇ ਕਈ ਚਿਰ ਤੋਂ ਤੁਹਾਡੇ ਪਿਛੇ ਕਿਉਂ ਫਿਰ ਰਿਹਾ ਹਾਂ ?" ਸ੍ਰੀ ਬਾਊ ਜੀ ਨੇ ਉਤਰ ਦਿਤਾ, "ਮੈਂ ਕੀ ਜਾਣਾਂ। ਪਰ ਮੇਰਾ ਮਨ ਇਸ ਵਕਤ ਇਤਨਾ ਦ੍ਰਵਿਆ ਹੈ ਕਿ ਜੋ ਵੀ ਹੁਕਮ ਕਰੋ, ਦਾਸ ਮੰਨਣ ਨੂੰ ਤਿਆਰ ਹਾਂ। ਜੇ ਕਦੀ ਖੂਹ ਵਿਚ ਛਾਲ ਮਾਰਨ ਨੂੰ ਕਹੋ ਤਾਂ ਵੀ ਉਜ਼ਰ ਨਹੀਂ ਕਰਾਂਗਾ।"

ਕਰਨਲ ਸਾਹਿਬ ਨੇ ਕਿਹਾ ਕਿ ਮੈਨੂੰ ਸਤਿਗੁਰੂ ਜੀ ਵਲੋਂ ਹੁਕਮ ਹੋਇਆ ਹੈ ਕਿ ਆਪ ਨੂੰ ਗੁਰਸਿਖੀ ਮਾਰਗ ਤੇ ਲਿਆ ਕੇ ਸਿਮਰਨ ਵਿਚ ਜੋੜਾਂ। ਇਸ ਲਈ ਗੁਰਮੁਖ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰੋ। ਪੰਜਾਂ ਪਿਆਰਿਆਂ ਵਿਚ ਸਤਿਗੁਰੂ ਆਪ ਵਸਦੇ ਹਨ ਅਤੇ ਉਨ੍ਹਾਂ ਰਾਹੀਂ ਗੁਰਮੰਤਰ ਦ੍ਰਿੜ੍ਹਾਇਆ ਹੋਇਆ ਆਤਮਾ ਨੂੰ ਰੰਗ ਚਲੂਲੇ ਲਿਆਉਂਦਾ ਹੈ। ਗੁਰਸਿਖੀ ਦਾ ਇਹੋ ਗਾਡੀ ਰਾਹ ਹੈ।

ਬਸ, ਉਥੇ ਹੀ ਅੰਮ੍ਰਿਤ ਛਕਣ ਦਾ ਫ਼ੈਸਲਾ ਹੋ ਗਿਆ। ਕੁਝ ਦਿਨਾਂ ਪਿਛੋਂ ਸ: ਪਿਆਰਾ ਸਿੰਘ ਜੀ ਬਾਊ ਜੀ ਨੂੰ ਆਪਣੇ ਪਿੰਡ ਮਹਿਲੋਵਾਲ (ਸਿਆਲਕੋਟ) ਲੈ ਗਏ। ਜੋ ਚੰਗੇ ਤੋਂ ਚੰਗੇ ਜੀਵਨ ਵਾਲੇ ਗੁਰਸਿਖ ਮਿਲ ਸਕਦੇ ਸਨ,ਇਕੱਠੇ ਕੀਤੇ। ਅੰਮ੍ਰਿਤ ਦਾ ਬਾਟਾ ਤਿਆਰ ਹੋਇਆ ਅਤੇ ਬਾਊ ਜੀ ਸਤਿਗੁਰੂ ਜੀ ਦੀ ਬਖ਼ਸ਼ਸ਼ ਸਦਕਾ ਜਹਾਜ਼ੇ ਚੜ੍ਹ ਗਏ ਤੇ ਨਾਮ-ਰੰਗਾਂ ਵਿਚ ਰੰਗੇ ਗਏ। ਵਾਪਸ ਅੰਬਾਲੇ ਆ ਕੇ ਦੋਹਾਂ ਵੇਲਿਆਂ ਦੀ ਕਿਰਤ ਜਾਰੀ ਹੋ ਗਈ— ਅੰਮ੍ਰਿਤ ਵੇਲੇ ਆਪੋ ਆਪਣੇ ਘਰ ਅਤੇ ਸ਼ਾਮ ਨੂੰ ਇਕੱਠੇ ਬਾਹਰ ਇਕਾਂਤ ਵਿਚ ਆਸਣ ਜਮਾ ਲੈਣੇ। 'ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ" ਵਾਲੀ ਅਵਸਥਾ ਬਣ ਗਈ ਅਤੇ ਥੋੜੇ ਸਮੇਂ ਵਿਚ ਨਾਮ-ਰੰਗ-ਰਤੜੀ ਦਸ਼ਾ ਵਿਚ ਵਿਚਰਨ ਲਗੇ। ਸ੍ਰੀ ਬਾਊ ਜੀ ਦਸਿਆ ਕਰਦੇ ਸਨ ਕਿ ਅਭਿਆਸ ਕਰਦਿਆਂ ਕਰਦਿਆਂ ਇਕੇਰਾਂ ਅਜਿਹੀ ਕਲਾ ਵਰਤੀ ਕਿ ਇਕ ਦਿਨ ਮੇਰੀ ਰੀੜ੍ਹ ਦੀ ਹੱਡੀ ਹਿਲਣ ਲਗ ਪਈ ਅਤੇ ਨਾਲ ਹੀ ਸਾਰੀਆਂ ਅੰਤੜੀਆਂ ਤੜਫਣ ਲਗ ਪਈਆਂ। ਜਦ ਮੈਂ ਇਹ ਅਸਚਰਜ ਖੇਡ ਭਾਈ ਪਿਆਰਾ ਸਿੰਘ ਜੀ ਨੂੰ ਦਸੀ ਤਾਂ ਉਹ ਹੈਰਾਨੀ ਵਿਚ ਕਹਿਣ ਲਗੇ, "ਹੈਂ ! ਹੱਛਾ !! ਬਸ ਹੁਣ ਤੂੰ ਅੱਜ ਤੋਂ ਮੇਰੇ ਕੋਲ ਨਾ ਆਇਆ ਕਰ, ਸਗੋਂ ਮੈਂ ਆਪ ਚਲ ਕੇ ਤੇਰੇ ਪਾਸ ਆਇਆ ਕਰਾਂਗਾ। ਤੂੰ ਮੈਥੋਂ ਕਿਤੇ ਅਗੇ ਲੰਘ ਗਿਆ ਹੈਂ। [ਚਲਦਾ



www.AKJ.Org

# ਸ਼੍ਰੋਮਣੀ ਸ਼ਹੀਦ ਬਾਬਾ ਦੀਪ ਸਿੰਘ ਜੀ

[ਵਲੋਂ :–ਸ: ਗੁਰਚਰਨ ਸਿੰਘ ਜੀ 'ਟੌਹੜਾ' ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ]

ਆਦਿ ਕਾਲ ਤੋਂ ਹੀ ਇਨਸਾਨ ਇਕ ਅਜਿਹੇ ਮਨੁੱਖ ਦੀ ਰੂਪ-ਰੇਖਾ ਉਲੀਕਦਾ ਰਿਹਾ ਹੈ, ਜਿਸ ਵਿਚ ਬਲ ਅਤੇ ਬੁੱਧੀ ਦਾ ਐਸਾ ਸੁਮੇਲ ਹੋਵੇ ਕਿ ਉਹ ਬਲ ਨੂੰ ਬੁਧੀ ਦੇ ਤਾਬੇ ਰੱਖ :

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥ (ਪੰਨਾ ੧੪੨੭)

ਦੇ ਆਦਰਸ਼ ਮੁਤਾਬਕ ਨਾ ਤਾਂ ਪਰਾਏ ਹੱਕਾਂ ਨੂੰ ਆਪਣੇ ਬਲ ਦਾ ਸ਼ਿਕਾਰ ਬਣਾਵੇ ਅਤੇ ਨਾ ਹੀ ਆਪਣੇ ਜਾਇਜ਼ ਹੱਕਾਂ ਨੂੰ ਪਰਾਏ ਬਲ ਦਾ ਸ਼ਿਕਾਰ ਹੋਣ ਦੇਵੇ।

ਸਿੱਖ ਮੱਤ ਦਾ ਇਹ ਮੂਲ ਸਿਧਾਂਤ ਬਾਬਾ ਦੀਪ ਸਿੰਘ ਜੀ ਦੀ ਸੂਰਤ ਵਿਚ ਇਸ ਤਰ੍ਹਾਂ ਮੂਰਤੀਮਾਨ ਹੋਇਆ ਕਿ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ ਬਖਸ਼ਸ਼ ਦੇ ਪਾਤਰ ਬਣੇ ਅਤੇ ਉਨ੍ਹਾਂ ਨੇ ਸਿੱਖ ਇਤਿਹਾਸ ਵਿਚ ਐਸੀ ਭੂਮਿਕਾ ਨਿਭਾਈ; ਜਿਸ ਨੇ ਉਨ੍ਹਾਂ ਨੂੰ ਅਮਰ ਪਦਵੀ ਦਾ ਧਾਰਨੀ ਬਣਾਇਆ।

ਆਪ ਜੀ ਦਾ ਜਨਮ ੨੬ ਜਨਵਰੀ ੧੬੮੨ ਈਸਵੀ ਵਿਚ ਪਿੰਡ ਪਹੂਵਿੰਡ ਜ਼ਿਲਾ ਅੰਮ੍ਰਿਤਸਰ ਪਿਤਾ ਭਾਈ ਭਗਤਾ ਜੀ ਸੰਧੂ ਅਤੇ ਮਾਤਾ ਜੀਊਣੀ ਜੀ ਦੀ ਕੁਖ ਤੋਂ ਹੋਇਆ। ਆਪ ਜੀ ਦੇ ਮਾਤਾ ਪਿਤਾ ਸ਼ੁਰੂ ਤੋਂ ਹੀ ਗੁਰੂ-ਘਰ ਦੇ ਸ਼ਰਧਾਲੂ ਸਿੱਖਾਂ ਵਿਚੋਂ ਸਨ ਜਿਸ ਕਾਰਨ ਆਪ ਬਚਪਨ ਤੋਂ ਹੀ ਗੁਰਸਿੱਖਾਂ ਦੀ ਸੰਗਤ ਵਿਚ ਰਹਿ ਗੁਰਮੁਖੀ ਪੜ੍ਹਦੇ ਅਤੇ ਗੁਰਬਾਣੀ ਦਾ ਅਭਿਆਸ ਕਰਦੇ ਸਨ। ਆਪਣੀ ਉਮਰ ਦੇ ਅਠਾਰ੍ਹਵੇਂ ਵਰ੍ਹੇ ਵਿਚ ਆਪ ਆਪਣੇ ਮਾਤਾ ਪਿਤਾ ਅਤੇ ਇਲਾਕੇ ਦੀ ਸੰਗਤ ਸਮੇਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ। ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਆਪ ਜੀ ਨੂੰ ਦਸਮ ਪਾਤਸ਼ਾਹ ਦੇ ਕਰ-ਕਮਲਾਂ ਤੋਂ ਅੰਮ੍ਰਿਤ ਛਕਣ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਕੁਝ ਸਮਾਂ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿ ਕ ਹਰ ਰੋਜ਼ ਸ਼ਬਦ ਕੀਰਤਨ ਦਾ ਅਨੰਦ ਮਾਨਣ ਅਤੇ ਸਾਧ ਸੰਗਤ ਦੀ ਲੰਗਰ ਪਾਣੀ ਦੀ ਸੇਵਾ ਕਰਨ ਤੋਂ ਬਾਅਦ, ਇਨ੍ਹਾਂ ਦ ਮਾਤਾ-ਪਿਤਾ ਵਾਪਸ ਪਿੰਡ ਜਾਣ ਲਈ ਗੁਰੂ ਸਾਹਿਬ ਦੀ ਆਗਿਆ ਲੈਣ ਵਾਸਤੇ ਉਨ੍ਹਾਂ ਦੇ ਸਨਮੁਖ ਹਾਜ਼ਰ ਹੋਏ ਤਾਂ ਦਸਮੇਸ਼ ਪਿਤਾ ਜੀ ਨੇ ਭਾਈ ਦੀਪ ਸਿੰਘ ਜੀ ਤੋਂ ਪੁਛਿਆ :–

"ਤੂੰ ਵੀ ਵਾਪਸ ਜਾਣਾ ਹੈ ਕਿ ਸਾਡੇ ਪਾਸ ਰਹਿਣਾ ਹੈ ?"

ਭਾਈ ਦੀਪ ਸਿੰਘ ਜੀ ਨੇ ਸਨਿਮਰ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਜਿਵੇਂ ਆਪ ਜੀ ਦੀ ਆਗਿਆ ਹੋਵੇ।" ਸਾਹਿਬਾਂ ਨੇ ਉਸ ਨੂੰ ਆਪਣੇ ਪਾਸ ਹੀ ਰਹਿਣ ਦੇ ਅਦੇਸ਼ ਦਿੱਤੇ। ਉਪਰੰਤ ਉਹ ਤਾਂ ਉਥੇ ਹੀ ਟਿਕ ਗਏ ਅਤੇ ਉਨ੍ਹਾਂ ਦੇ ਮਾਤਾ-ਪਿਤਾ ਪਿੰਡ ਪਰਤ ਗਏ।

ਇਸ ਪ੍ਰਕਾਰ ਬਾਬਾ ਦੀਪ ਸਿੰਘ ਜੀ ਨੂੰ ਗੁਰੂ-ਚਰਨਾਂ ਵਿਚ ਰਹਿ ਕੇ ਵਿਦਿਆ ਅਧਿਐਨ, ਸ਼ਸਤਰ-ਸਿਖਿਆ ਅਤੇ ਸਾਧ ਸੰਗਤ ਦੀ ਸੇਵਾ ਆਦਿ ਦੇ ਮੌਕੇ ਮਿਲੇ, ਜਿਸ ਦਾ ਉਨ੍ਹਾਂ ਨੇ ਭਰਪੂਰ ਲਾਭ ਉਠਾਇਆ। ਹੁਣ ਆਪ ਹਰ ਵੇਲੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਰਹਿੰਦੇ ਅਤੇ ਜਦ ਸਾਹਿਬ ਸ਼ਿਕਾਰ ਖੇਡਣ ਜਾਂਦੇ ਤਾਂ ਭਾਈ ਦੀਪ ਸਿੰਘ ਜੀ ਵੀ ਉਨ੍ਹਾਂ ਨਾਲ ਜਾਂਦੇ।

ਕੁਝ ਸਮਾਂ ਪਾ ਕੇ ਜਦ ਇਹਨਾਂ ਦੇ ਮਾਤਾ-ਪਿਤਾ ਗੁਰੂ ਸਾਹਿਬ ਦੇ ਦਰਸਨਾਂ ਲਈ ਫਿਰ ਅਨੰਦਪੁਰ ਆਏ ਤਾਂ ਉਹ ਭਾਈ ਦੀਪ ਸਿੰਘ ਜੀ ਨੂੰ ਦਸਮ ਪਾਤਸ਼ਾਹ ਦੀ ਆਗਿਆ ਨਾਲ ਵਾਪਸ ਆਪਣੇ ਨਾਲ ਪਿੰਡ ਪਹੂਵਿੰਡ ਲੈ ਗਏ।

੧੭੦੪ ਈਸਵੀ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡ ਕੇ



www.AKJ.Org

ਮਾਛੀਵਾੜੇ, ਰਾਏ ਕੋਟ, ਦੀਨਾ ਹੁੰਦੇ ਹੋਏ ਮੁਕਤਸਰ ਦੀ ਲੜਾਈ ਤੋਂ ਬਾਅਦ ਜਦ ਦਮਦਮੇ ਪਹੁੰਚੇ ਤਾਂ ਸਾਹਿਬਾਂ ਨੇ ਭਾਈ ਮਨੀ ਸਿੰਘ ਜੀ ਰਾਹੀਂ ਭਾਈ ਦੀਪ ਸਿੰਘ ਜੀ ਨੂੰ ਆਪਣੇ ਸਨਮੁਖ ਬੁਲਾ ਭੇਜਿਆ। ਹੁਕਮ ਸੁਣਦਿਆਂ ਹੀ ਆਪ ਗੁਰੂ-ਚਰਨਾਂ ਵਿਚ ਹਾਜ਼ਰ ਹੋਏ ਅਤੇ ਉਨ੍ਹਾਂ ਦੀ ਸੇਵਾ ਵਿਚ ਜੁੱਟ ਗਏ।

੧੭੦੫ ਈਸਵੀ ਵਿਚ ਜਦ ਗੁਰੂ ਸਾਹਿਬ ਨੇ ਦਮਦਮਾ ਸਾਹਿਬ ਵਾਲੀ ਬੀੜ ਤਿਆਰ ਕਰਵਾਈ ਤਾਂ ਇਸ ਮਹਾਨ ਕਾਰਜ ਵਿਚ ਭਾਈ ਦੀਪ ਸਿੰਘ ਜੀ ਭਾਈ ਮਨੀ ਸਿੰਘ ਜੀ ਦੀ ਸਹਾਇਤਾ ਕਰਿਆ ਕਰਦੇ ਸਨ। ਨੌਂ ਮਹੀਨੇ ਤੋਂ ਕੁਝ ਵਧ ਸਮਾਂ ਦਮਦਮਾ ਸਾਹਿਬ ਵਿਖੇ ਰਹਿਣ ਤੋਂ ਬਾਅਦ ਜਦ ਦਸਮ ਪਾਤਸ਼ਾਹ ਨੇ ਦੱਖਣ ਜਾਣ ਦੀ ਤਿਆਰੀ ਕਰ ਲਈ ਤਾਂ ਵਿਛੋੜੇ ਦੇ ਖਿਆਲ ਨਾਲ ਭਾਈ ਦੀਪ ਸਿੰਘ ਜੀ ਦੇ ਨੇਤਰਾਂ ਵਿਚ ਅੱਥਰੂ ਉਮੰਡ ਆਏ। ਗੁਰੂ ਸਾਹਿਬ ਨੇ ਢਾਰਸ ਦਿੱਤੀ, ਗਲ ਨਾਲ ਲਾਇਆ ਅਤੇ ਉਥੇ ਹੀ ਰਹਿ ਕੇ ਗੁਰੂ-ਘਰ ਦੀ ਸੇਵਾ ਦਾ ਪਰਵਾਹ ਚਲਾਉਣ ਦੀ ਆਗਿਆ ਦਿੱਤੀ, ਜਿਸ ਅਨੁਸਾਰ ਦੋ ਸਾਲ ਤੋਂ ਵਧ ਸਮਾਂ ਆਪ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਉਤਾਰੇ ਕਰਦੇ ਰਹੇ।

੧੭੦੮ ਈਸਵੀ ਵਿਚ ਆਪ ਜੀ ਨੇ ਜਦ ਬੰਦਾ ਬਹਾਦਰ ਦਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਪੰਜਾਬ ਆਉਣਾ ਸੁਣਿਆ ਤਾਂ ਬਾਬਾ ਦੀਪ ਸਿੰਘ ਜੀ ਦੇ ਹਿਰਦੇ ਵਿਚ ਆਪਣੇ ਵੀਰਾਂ ਨਾਲ ਰਲ ਕੇ ਧਰਮ ਯੁੱਧ ਵਿਚ ਕੁਦਣ ਦਾ ਚਾਅ ਇਸ ਤਰ੍ਹਾਂ ਉਮੰਡ ਆਇਆ ਕਿ ਠਲ੍ਹਿਆ ਨਾ ਗਿਆ। ਦਮਦਮਾ ਸਾਹਿਬ ਦੇ ਗੁਰਦਵਾਰੇ ਦੀ ਸੇਵਾ ਭਾਈ ਨੱਥਾ ਸਿੰਘ ਜੀ ਨੂੰ ਸੌਂਪ ਕੇ ਆਪ ਜ਼ੁਲਮ ਦੇ ਖਾਤਮੇ ਲਈ ਮੈਦਾਨ ਵਿਚ ਕੁਦ ਪਏ ਅਤੇ ਇਲਾਕੇ ਦੇ ਬਹੁਤ ਸਾਰੇ ਸਿੰਘਾਂ ਨੂੰ ਨਾਲ ਲੈਕੇ ਬੰਦਾ ਬਹਾਦਰ ਨਾਲ ਜਾ ਰਲੇ। ਸਰਹੰਦ ਮਾਰਨ ਅਤੇ ਪਹਾੜੀ ਰਾਜਿਆਂ ਨੂੰ ਸੋਧਣ ਸਮੇਂ ਆਪ ਜੀ ਨੇ ਅਜਿਹੀ ਸੂਰਮਗਤੀ ਵਿਖਾਈ ਕਿ ਅਨੰਦਪੁਰ ਸਾਹਿਬ ਵਿਖੇ ਇਕ ਭਾਰੀ ਦੀਵਾਨ ਵਿਚ ਬੰਦਾ ਬਹਾਦਰ ਨੇ ਬਾਬਾ ਦੀਪ ਸਿੰਘ ਦੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਆਪ ਨਿਮਰਤਾ ਸਹਿਤ ਦੀਵਾਨ ਵਿਚ ਉਠ ਕੇ ਖੜੇ ਹੋ ਕੇ ਕਹਿਣ ਲੱਗੇ–

"ਮੈਂ ਤਾਂ ਦਸਮ ਪਾਤਸ਼ਾਹ ਦਾ ਵਰੋਸਾਇਆ ਗੁਰੂ-ਘਰ ਦਾ ਕੇਵਲ ਅਨਿੰਨ ਸੇਵਕ ਹਾਂ, ਮੇਰੀ ਸਿਫਤ ਦੀ ਬਜਾਏ ਦਸਮ ਪਾਤਸ਼ਾਹ ਦੀ ਉਸਤਤ ਕਰੋ, ਜਿਨ੍ਹਾਂ ਦੀ ਕਿਰਪਾ ਸਦਕਾ ਹੀ ਅਸੀਂ ਸਾਰੇ ਲੜਾਈਆਂ ਵਿਚ ਸਫਲਤਾ ਪ੍ਰਾਪਤ ਕਰ ਸਕੇ ਹਾਂ।"

ਸੰਗਤ ਵਿਚ ਬੈਠੇ ਇਕ ਬਜ਼ੁਰਗ ਉਨ੍ਹਾਂ ਦੀ ਨਿਮਰਤਾ ਤੋਂ ਇੰਨੇ ਪ੍ਰਭਾਵਤ ਹੋਏ ਕਿ ਉਹ ਉੱਚੀ ਆਵਾਜ਼ ਵਿਚ ਕਹਿਣ ਲੱਗੇ, "ਧੰਨ ਗੁਰੂ ਗੋਬਿੰਦ ਸਿੰਘ ਜੀ ਹਨ ਅਤੇ ਧੰਨ ਹਨ ਬਾਬਾ ਦੀਪ ਸਿੰਘ, ਜੋ 'ਜ਼ਿੰਦਾ ਸ਼ਹੀਦ' ਹਨ।"

ਸੰਗਤਾਂ ਨੇ ਜੈਕਾਰਿਆਂ ਨਾਲ ਇਸ ਦੀ ਪ੍ਰੋੜ੍ਹਤਾ ਕੀਤੀ। ਇਸੇ ਕਾਰਨ ਆਪ 'ਸ਼ਹੀਦੀ ਦਲ' ਦੇ ਮੁਖੀ ਬਣੇ।

੧੭੧੫ ਈਸਵੀ ਵਿਚ ਬੰਦਾ ਬਹਾਦਰ ਨਾਲ ਤੱਤ ਖਾਲਸੇ ਦੇ ਮਤਭੇਦ ਹੋਣ ਕਾਰਨ ਬਾਬਾ ਦੀਪ ਸਿੰਘ ਜੀ ਆਪਣੇ ਸਾਥੀਆਂ ਸਮੇਤ ਉਸ ਦਾ ਸਾਥ ਛੱਡ ਕੇ ਵਾਪਸ ਗੁਰੂ ਕੀ ਕਾਂਸ਼ੀ (ਦਮਦਮਾ ਸਾਹਿਬ) ਆ ਬਿਰਾਜੇ ਅਤੇ ੧੭੫੭ ਈਸਵੀ ਤਕ ਇਥੇ ਹੀ ਟਿਕੇ ਰਹੇ।

੧੭੨੬ ਈਸਵੀ ਤਕ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਤਿਆਰ ਕਰ ਕੇ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਚਹੁੰਆਂ ਤਖ਼ਤ ਸਾਹਿਬਾਨ ਤੇ ਪਹੁੰਚਾਇਆ, ਉਪਰੰਤ ਤਕਰੀਬਨ ੩੨ ਸਾਲ ਆਪ ਜੀ ਨੇ ਦਮਦਮਾ ਸਾਹਿਬ ਦੀ ਸੇਵਾ ਦੇ ਇਲਾਵਾ, ਇਲਾਕੇ ਦੇ ਪਿੰਡਾਂ ਵਿਚ ਗੁਰਮਤਿ ਦਾ ਪ੍ਰਚਾਰ ਕਰ ਕੇ ਉਥੋਂ ਦੇ ਵਸਨੀਕਾਂ ਨੂੰ ਗੁਰੂ-ਘਰ ਨਾਲ ਜੋੜਿਆ।

ਅਦੀਨਾ ਬੇਗ ਦੀ ਮੌਤ ਤੋਂ ਬਾਅਦ ਜਦ ਸਿੰਘਾਂ ਨੇ ਜਲੰਧਰ-ਦੁਆਬ ਤੇ ਕਬਜ਼ਾ ਕਰ ਲਿਆ ਤਾਂ



www.AKJ.Org

ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਹਾਕਮ ਮੁਹੰਮਦ ਅਮੀਨ ਨੂੰ ਜਾ ਹਰਾਇਆ ਅਤੇ ਉਸ ਦਾ ਸਾਰਾ ਇਲਾਕਾ ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਦੇ ਨਾਂ ਬਤੌਰ ਜਾਗੀਰ ਲੁਆ ਦਿੱਤਾ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਰ-ਕਮਲਾਂ ਦੁਆਰਾ ਵਸਾਇਆ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸੁਭਾਵਕ ਹੀ ਸਿੱਖੀ ਦਾ ਧੁਰਾ ਅਤੇ ਹਮੇਸ਼ਾ ਹੀ ਇਸ ਕੌਮ ਲਈ ਪ੍ਰੇਰਨਾ ਅਤੇ ਸ਼ਕਤੀ ਦਾ ਸੋਮਾ ਬਣਿਆ ਰਿਹਾ ਹੈ। ਸਿੰਘ ਸੂਰਮੇ ਪਰਵਾਨਿਆਂ ਵਾਂਗ ਇਸ ਦੀ ਪਵਿੱਤਰ ਸ਼ਮ੍ਹਾ ਤੋਂ ਆਪਾ ਵਾਰਦੇ ਰਹੇ ਹਨ। ਇਸ ਦੀ ਰੌਸ਼ਨੀ ਵਿਚ ਹੀ ਪੰਥਕ ਨਿਸ਼ਾਨੇ ਮਿਥੇ ਜਾਂਦੇ ਅਤੇ ਹਾਸਲ ਕੀਤੇ ਜਾਂਦੇ ਰਹੇ ਹਨ। ਇਸੇ ਕਾਰਨ ਸਿਖ ਕੌਮ ਦਾ ਹਰ ਵੈਰੀ, ਮੁਗਲਾਂ ਅਤੇ ਅਫਗਾਨਾਂ ਸਮੇਤ, ਇਸ ਪਵਿੱਤਰ ਕੇਂਦਰ ਨੂੰ ਕਮਜ਼ੋਰ ਕਰਨ ਅਤੇ ਖ਼ਤਮ ਕਰਨ ਦੇ ਯਤਨ ਕਰਦਾ ਰਿਹਾ ਹੈ, ਪਰੰਤੂ ਇਤਿਹਾਸ ਗਵਾਹ ਹੈ ਕਿ ਸਿੰਘਾਂ ਨੇ ਹਰ ਐਸੀ ਕੋਸ਼ਿਸ਼ ਨੂੰ ਅਸਫਲ ਬਣਾਇਆ ਅਤੇ ਹਰ ਐਸੇ ਵੈਰੀ ਦਾ ਖੁਰਾ-ਖੋਜ ਤਕ ਮਿਟਾ ਦਿੱਤਾ, ਭਾਵੇਂ ਉਹ ਮੀਰ ਮੰਨੂ ਸੀ ਜਾਂ ਮੱਸਾ ਰੰਘੜ, ਅਬਦਾਲੀ ਸੀ ਜਾਂ ਆਚਰਣ-ਹੀਨ ਮਹੰਤ।

ਕਈ ਵਾਰ ਸਿੰਘਾਂ ਤੋਂ ਭਾਂਜ ਖਾਣ ਤੋਂ ਬਾਅਦ ਅਬਦਾਲੀ ਨੂੰ ਯਕੀਨ ਹੋ ਚੁਕਾ ਸੀ ਕਿ ਸ੍ਰੀ ਦਰਬਾਰ ਸਾਹਿਬ ਹੀ ਉਹਨਾਂ ਦੀ ਸ਼ਕਤੀ ਦਾ ਸੋਮਾ ਹੈ। ਇਸੇ ਕਾਰਨ ੧੭੫੭ ਈਸਵੀ ਵਿਚ ਉਸ ਦੇ ਸਿਪਾਹ-ਸਾਲਾਰ ਜਹਾਨ ਖਾਨ ਨੇ ਆਪਣੇ ਮਾਲਕ ਦੇ ਹੁਕਮ ਅਨੁਸਾਰ ਸ੍ਰੀ ਦਰਬਾਰ ਸਾਹਿਬ ਦਾ ਪਵਿੱਤਰ ਸਰੋਵਰ ਪੂਰ ਦਿੱਤਾ ਅਤੇ ਇਸ ਦੇ ਇਰਦ-ਗਿਰਦ ਫੌਜ ਬਿਠਾ ਦਿੱਤੀ, ਤਾਂ ਜੁ ਸਿੱਖ ਆਪਣੇ ਧਾਰਮਿਕ ਕੇਂਦਰ ਦੇ ਦਰਸ਼ਨ ਇਸ਼ਨਾਨ ਨਾ ਕਰ ਸਕਣ। ਜਦ ਸ੍ਰੀ ਦਰਬਾਰ ਸਾਹਿਬ ਦੀ ਇਸ ਘੋਰ ਬੇਅਦਬੀ ਦੀ ਖ਼ਬਰ ਦਮਦਮਾ ਸਾਹਿਬ ਪਹੁੰਚੀ ਤਾਂ ਤਕਰੀਬਨ ੭੫ ਸਾਲ ਤੋਂ ਉਪਰ ਦੀ ਬਿਰਧ ਅਵਸਥਾ ਦੇ ਬਾਵਜੂਦ ਬਾਬਾ ਦੀਪ ਸਿੰਘ ਜੀ ਦੇ ਹਿਰਦੇ ਵਿਚ ਧਰਮ-ਯੁਧ ਦਾ ਚਾਅ ਠਾਠਾਂ ਮਾਰਨ ਲੱਗਾ। ਅਠਾਰ੍ਹਾਂ ਸੇਰ ਪੱਕਾ ਖੰਡਾ ਫਿਰ ਉਠਾਇਆ ਅਤੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ—

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋ ॥
ਅਰੁ ਸਿਖ ਹੋ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ ॥੨੩੧॥
(ਚੰਡੀ ਚਰਿਤ੍ਰ, ਪੰਨਾ ੯੯)

ਅਤੇ ਫਿਰ—
ਸੀਸ ਸੁਧਾ ਸਰ ਹੇਤ ਕਰ ਦੇਵੇਂਗੇ ਹਮ ਜਾਇ ॥
ਕਰ ਅਰਦਾਸਾ ਟੁਰ ਪਏ ਸਿੰਘ ਜੀ ਫਤੇ ਗਜਾਇ ॥

ਸਰੀਰ ਬੁਢਾ ਸੀ, ਪਰੰਤੂ ਹੌਸਲਾ ਹਮੇਸ਼ਾਂ ਵਾਂਗੂੰ ਜਵਾਨ। ਪਿੰਡਾਂ ਵਿਚੋਂ ਕੋਈ ਢਾਈ ਤਿੰਨ ਹਜ਼ਾਰ ਯੋਧੇ ਇਕੱਠੇ ਕਰ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਂਦੇ ਹੋਏ ਅਤੇ ਰੇਤਲੇ ਥਲਾਂ ਨੂੰ ਚੀਰਦੇ ਹੋਏ, ਆਪ, ਹਰੀਕੇ ਪੱਤਣ ਰਾਹੀਂ ਤਰਨ ਤਾਰਨ ਆ ਪਹੁੰਚੇ। ਰਸਤੇ ਵਿਚ ਕਈ ਹੋਰ ਸਿੰਘ ਸੂਰਮੇ ਵੀ ਆਪ ਜੀ ਨਾਲ ਆ ਜੁੜੇ ਅਤੇ ਇਸ ਪ੍ਰਕਾਰ ਜਥੇ ਦੀ ਗਿਣਤੀ ਪੰਜ ਹਜ਼ਾਰ ਤਕ ਜਾ ਪਹੁੰਚੀ। ਪਤਾ ਲਗਾ ਕਿ ਦੁਸ਼ਮਣ ਦਾ ਬਹੁਤ ਭਾਰੀ ਇਕੱਠ ਅੰਮ੍ਰਿਤਸਰ ਦਾ ਰਾਹ ਮੱਲੀ ਖੜਾ ਹੈ। ਟੱਕਰ ਭਿਆਨਕ ਅਤੇ ਸ਼ਹੀਦੀਆਂ ਅਵੱਸ਼ਕ ਸਨ, ਇਸ ਕਾਰਨ ਬਾਬਾ ਦੀਪ ਸਿੰਘ ਜੀ ਨੇ ਖੰਡੇ ਨਾਲ ਲਕੀਰ ਖਿੱਚ ਦਿੱਤੀ ਅਤੇ ਸਿੰਘਾਂ ਨੂੰ ਵੰਗਾਰ ਪਾਈ ਕਿ ਕੇਵਲ ਉਹ ਹੀ ਇਸ ਲਕੀਰ ਨੂੰ ਪਾਰ ਕਰ ਕੇ ਮੇਰੇ ਨਾਲ ਸ਼ਾਮਲ ਹੋਵੇ ਜੋ ਸੀ ਗੁਰੂ ਨਾਨਕ ਦੇਵ ਦੇ ਇਸ ਆਸ਼ੇ ਤੇ ਪੂਰਾ ਉਤਰਨ ਦਾ ਹੌਸਲਾ ਰੱਖਦਾ ਹੋਵੇ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ (੧੪੧੨)



www.AKJ.Org

ਸਿੰਘ ਦਾ ਜੋਸ਼ ਝੱਲਿਆ ਨਹੀਂ ਸੀ ਜਾਂਦਾ। ਇਕੋ ਹੀ ਹੱਲੇ ਵਿਚ ਸਾਰੇ ਦੇ ਸਾਰੇ ਆਪਣੇ 'ਜ਼ਿੰਦਾ ਸ਼ਹੀਦ' ਸਰਦਾਰ ਨਾਲ ਆ ਰਲੇ। ਬਾਬਾ ਜੀ ਨੇ ਫਿਰ— "ਮਰਉ ਤ ਹਰਿ ਕੈ ਦੁਆਰ" ਦੀ ਅਰਦਾਸ ਕੀਤੀ ਅਤੇ ਆਪਣੇ ਲਸ਼ਕਰ ਸਮੇਤ ਸ੍ਰੀ ਅੰਮ੍ਰਿਤਸਰ ਦਾ ਰੁਖ਼ ਕੀਤਾ। ਪਿੰਡ ਗੋਹਲਵੜ ਅਤੇ ਪਿੰਡ ਚੱਬੇ ਦੇ ਵਿਚਲੇ ਮੈਦਾਨ ਵਿਚ ਦੋਹਾਂ ਫੌਜਾਂ ਦੀ ਟੱਕਰ ਹੋਈ। ਭਾਵੇਂ ਦੁਸ਼ਮਣਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਪਰ ਫਿਰ ਵੀ ਉਹ ਸਿੰਘ ਸੂਰਬੀਰਾਂ ਦੇ ਜੋਸ਼ ਅਤੇ ਬਹਾਦਰੀ ਦੀ ਤਾਬ ਨਾ ਲਿਆ ਸਕੇ। ਬਾਬਾ ਦੀਪ ਸਿੰਘ ਜਿਧਰ ਵੀ ਆਪਣੇ ਘੋੜੇ ਦੀਆਂ ਵਾਗਾਂ ਮੋੜਦੇ, ਵੈਰੀ ਦੇ ਸਥਰਾਂ ਦੇ ਸਥਰ ਲਾਹੀ ਜਾਂਦੇ। ਬਾਬਾ ਨੱਥਾ ਸਿੰਘ, ਬਾਬਾ ਸੁਧਾ ਸਿੰਘ, ਬਾਬਾ ਸੁਰ ਸਿੰਘ, ਹਰੀ ਸਿੰਘ, ਕੌਰ ਸਿੰਘ, ਦਿਆਲ ਸਿੰਘ, ਬਸੰਤ ਸਿੰਘ, ਰਣ ਸਿੰਘ ਅਤੇ ਰਾਮ ਸਿੰਘ ਵੀ ਆਪਣੇ ਜੌਹਰ ਦਿਖਾ ਰਹੇ ਸਨ। ਅਮੀਨ ਖਾਂ ਅਤੇ ਯਕੂਤ ਖਾਂ ਸਮੇਤ ਵੈਰੀ ਦੇ ਕਈ ਸਿਰਕੱਢ ਜਰਨੈਲਾਂ ਦੀਆਂ ਲੋਥਾਂ ਸਿੰਘਾਂ ਦੇ ਕਦਮਾਂ ਵਿਚ ਸਨ ਅਤੇ ਮੈਦਾਨ ਵਿਚ ਲਾਸ਼ਾਂ ਦੇ ਢੇਰ ਲਗ ਗਏ।

ਬਾਬਾ ਦੀਪ ਸਿੰਘ ਜੀ ਤੁਰਕ ਸੈਨਾ ਨੂੰ ਗਾਜਰ ਮੂਲੀ ਵਾਂਗ ਵੱਢਦੇ ਹੋਏ ਚਾਟੀਵਿੰਡ ਦਰਵਾਜ਼ੇ ਪਾਸ ਅੱਪੜੇ, ਜਿਥੇ ਇਕ ਦੁਰਾਨੀ ਜਰਨੈਲ ਨਾਲ ਲੜਦਿਆਂ ਅਚਾਨਕ ਇਕ ਵਾਰ ਇਨ੍ਹਾਂ ਦੀ ਗਰਦਨ ਤੇ ਐਸਾ ਲੱਗਾ ਕਿ ਉਹ ਧੜ ਤੋਂ ਤਕਰੀਬਨ ਅੱਡ ਹੋ ਗਈ। ਡਿਗਦਿਆਂ ਵੇਖ ਇਕ ਸਿੰਘ ਨੇ ਪੁਕਾਰਿਆ—

ਢਿਗ ਤੈ ਏਕ ਸਿੰਘ ਪਿਖਿ ਕਹਯੋ। ਪਰੱਣ ਤੁਮਾਰ ਦੀਪ ਸਿੰਘ ਰਹਯੋ।
ਗੁਰੂ ਪੁਰਿ ਜਾਇ ਸੀਸ ਮੈਂ ਦੇਹੋਂ। ਸੋ ਤੇ ਦੋਇ ਕੋਸ ਇਸ ਠੈਹੋਂ ॥੫੭੫॥
(ਪੰਥ ਪ੍ਰਕਾਸ਼, ਉ: ਬਿਸ੍ਰਾਮ ੫੦, ਨਵੀਂ ਐਡੀ:)

ਸਾਥੀ ਦਾ ਇਹ ਕਥਨ ਸੁਣ ਕੇ ਬਾਬਾ ਦੀਪ ਸਿੰਘ ਜੀ ਨੇ ਖੱਬੇ ਹੱਥ ਨਾਲ ਆਪਣੇ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਆਪਣੀ ਤੇਗ ਚਲਾਉਂਦੇ ਹੋਏ ਦੁਸ਼ਮਨ ਦੇ ਆਹੂ ਲਾਹੁੰਦੇ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਪਹੁੰਚੇ ਅਤੇ "ਮਰਉ ਤ ਹਰਿ ਕੈ ਦੁਆਰ" ਦਾ ਆਪਣਾ ਪ੍ਰਣ ਨਿਭਾਇਆ। ਇਹ ਬੇ-ਮਿਸਾਲ ਬਹਾਦਰੀ ਅਤੇ ਸੂਰਬੀਰਤਾ ਵੇਖ ਕੇ ਵੈਰੀ ਦੇ ਪੈਰ ਉਖੜ ਗਏ ਅਤੇ ਮੈਦਾਨ ਛੱਡ ਕੇ ਨੱਸ ਗਿਆ। ਕਿਸੇ ਨੇ ਠੀਕ ਹੀ ਕਿਹਾ ਹੈ :—

ਸ਼ਹੀਦੋਂ ਕੀ ਜੋ ਮੌਤ ਹੈ, ਵੋਹ ਕੌਮ ਕੀ ਹਿਯਾਤ ਹੈ।

ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਨੇ ਸਿੱਖ ਕੌਮ ਵਿਚ ਇਕ ਨਵੀਂ ਜ਼ਿੰਦਗੀ ਭਰ ਦਿੱਤੀ ਅਤੇ ਛੇਤੀ ਹੀ ਮਗਰੋਂ ਸਿੰਘਾਂ ਨੇ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਅਫ਼ਗਾਨਾਂ ਨੂੰ ਐਸੀ ਕਰਾਰੀ ਹਾਰ ਦਿੱਤੀ ਕਿ ਪੰਜਾਬ ਦੀ ਧਰਤੀ ਤੋਂ ਉਨ੍ਹਾਂ ਦੇ ਪੈਰ ਹਮੇਸ਼ਾ ਹਮੇਸ਼ਾ ਲਈ ਉਖੜ ਗਏ। ਸਿੰਘ ਸਰਦਾਰਾਂ ਨੇ ਇਸ ਪ੍ਰਕਾਰ ਬਾਬਾ ਦੀਪ ਸਿੰਘ ਅਤੇ ਹੋਰ ਸ਼ਹੀਦਾਂ ਦੇ ਖ਼ੂਨ ਨਾਲ ਆਪਣਾ ਖ਼ੂਨ ਡੋਲ੍ਹ ਕੇ ਆਪਣੇ ਮਹਾਨ ਕੌਮੀ ਕੇਂਦਰ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਹਦੂਦ ਤੋਂ ਵੈਰੀ ਦੀ ਮਲੀਨਤਾ ਨੂੰ ਆਪਣੇ ਖ਼ੂਨ ਨਾਲ ਧੋ ਦਿੱਤਾ।

ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਜਿਥੇ ਬਾਬਾ ਦੀਪ ਸਿੰਘ ਜੀ ਦਾ ਸੀਸ ਡਿੱਗਿਆ, ਉਥੇ ਸ਼ਹੀਦ ਬੁੰਗਾ ਬਣਿਆ ਹੋਇਆ ਹੈ ਅਤੇ ਜਿਸ ਥਾਂ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੇ ਪਵਿੱਤਰ ਸਰੀਰਾਂ ਦਾ ਅੰਤਮ ਸੰਸਕਾਰ ਕੀਤਾ ਗਿਆ, ਉਥੇ ਆਲੀਸ਼ਾਨ 'ਗੁਰਦਵਾਰਾ ਸ਼ਹੀਦਾਂ' ਬਣਿਆ ਹੋਇਆ ਹੈ। ਹਜ਼ਾਰਾਂ ਹੀ ਸ਼ਰਧਾਲੂ ਹਰ ਰੋਜ਼ ਇਥੇ ਆ ਕੇ ਆਪਣੇ ਸੀਸ ਨਿਵਾਉਂਦੇ ਹਨ ਅਤੇ ਆਪਣ ਬੇ-ਮਿਸਾਲ ਵਿਰਸੇ ਅਤੇ ਮਹਾਨ ਸ਼ਹੀਦਾਂ ਨੂੰ ਯਾਦ ਕਰ ਕੇ, ਹਿਰਦੇ ਦੀਆਂ ਡੂੰਘਿਆਈਆਂ ਚੋਂ ਪੁਕਾਰ ਉਠਦੇ ਹਨ—

"ਧੰਨ ਧੰਨ ਗੁਰਸਿੱਖੀ ! ਧੰਨ ਧੰਨ ਬਾਬਾ ਦੀਪ ਸਿੰਘ ਜੀ !! "



www.AKJ.Org

# ਕੇਸਕੀ

ਵਲੋਂ :--ਪ੍ਰੋ: ਪਿਆਰਾ ਸਿੰਘ ਜੀ ਪਟਿਆਲਾ

> ਵਿਦਵਾਨ ਖੋਜੀ ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਭੱਟਾਂ ਦੀਆਂ ਪੁਰਾਤਨ ਵਹੀਆਂ ਦਾ ਅਧਿਐਨ ਕਰਦਿਆਂ ਉਨ੍ਹਾਂ ਵਿਚੋਂ 'ਕੇਸਕੀ' ਕਕਾਰ ਬਾਰੇ ਇਕ ਪ੍ਰਮਾਣੀਕ ਸਬੂਤ ਲਭ ਕੇ ਭੇਜਿਆ ਹੈ, ਜੋ ਬੜੀ ਮਹਾਨਤਾ ਰਖਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਇਹ ਲੇਖ ਹੇਠਾਂ ਦਿਤਾ ਜਾ ਰਿਹਾ ਹੈ। ਸਾਡੀ ਅਰਦਾਸ ਹੈ ਕਿ ਸਮੁੱਚਾ ਪੰਥ ਕੇਸਕੀ ਦੇ ਮਹੱਤਵ ਨੂੰ ਪਛਾਣੇ, ਤਾ ਜੁ ਕੇਸਾਂ ਦਾ ਸਤਿਕਾਰ ਵਧੇ ਅਤੇ ਸਾਡੇ ਬੱਚੇ ਤੇ ਬੀਬੀਆਂ ਸਿਰੋਂ ਨੰਗੇ ਵਿਚਰ ਕੇ ਕੇਸਾਂ ਦੀ ਬੇਅਦਬੀ ਕਰਨ ਤੋਂ ਬਚ ਸਕਣ।
>
> —ਸੰਪਾਦਕ

ਮੈਨੂੰ ਅਖੰਡ ਕੀਰਤਨੀ ਜਥੇ ਦੀ ਇਹ ਧਾਰਨਾ ਕਾਫ਼ੀ ਹਦ ਤਕ ਤਰਕ-ਸੰਗਤ (Logical) ਲਗਦੀ ਹੈ ਕਿ ਪੰਜ ਕਕਾਰਾਂ ਵਿਚ ਪਹਿਲੇ ਕੇਸਕੀ ਜਾਂ ਦਸਤਾਰ ਸ਼ਾਮਲ ਸੀ। ਪਤਾ ਨਹੀਂ ਕਦ ਤੋਂ ਕੇਸਕੀ ਦੀ ਥਾਂ ਕੇਸ ਸ਼ਬਦ ਵਧੇਰੇ ਪ੍ਰਸਿਧ ਹੋ ਗਿਆ। ਕਾਰਨ ਇਹ ਹੈ ਕਿ ਜੋ ਪੰਜ ਕਕਾਰ ਖਾਲਸਾ ਸਜਣ ਲਈ ਜ਼ਰੂਰੀ ਕਰਾਰ ਦਿਤੇ ਗਏ, ਉਹ ਸਾਰੇ ਦੇ ਸਾਰੇ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਸਨ ਜਿਵੇਂ ਕੇਸਕੀ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ, ਪਰੰਤੂ ਕੇਸ ਤਾਂ ਪਹਿਲਾਂ ਹੀ ਸਰੀਰ ਦਾ ਕੁਦਰਤੀ ਅੰਗ ਸਨ। ਇਨ੍ਹਾਂ ਬਾਰੇ ਤਾਂ ਇਹੋ ਹਦਾਇਤ ਦੇਣੀ ਕਾਫ਼ੀ ਸੀ ਕਿ ਇਨ੍ਹਾਂ ਦੀ ਕਿਸੇ ਰੂਪ ਵਿਚ ਬੇਅਦਬੀ ਨ ਕੀਤੀ ਜਾਵੇ। ਇਸ ਬਾਰੇ ਸ੍ਰੀ ਦਸਮੇਸ਼ ਜੀ ਦੇ ਆਪਣੇ ਹੁਕਮਨਾਮਿਆਂ ਵਿਚ ਸਿਖਾਂ ਪ੍ਰਤੀ ਹਦਾਇਤ ਹੈ—'ਭੱਦਣ ਨਹੀਂ ਕਰਨਾ।' ਅਤੇ ਇਹੋ ਹੁਕਮ ਚਾਰ ਕੁਰਹਿਤਾਂ ਦੱਸਣ ਸਮੇਂ ਪਹਿਲੇ ਨੰਬਰ ਤੇ ਰਖਿਆ ਗਿਆ ਹੈ। ਰਹਿਤਨਾਮੇ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਜਿਥੋਂ ਤਕ 'ਕੇਸਕੀ' ਜਾਂ ਦਸਤਾਰ ਨੂੰ ਸਿਖ ਲਈ ਲਾਜ਼ਮੀ ਕਰਨ ਦਾ ਸਵਾਲ ਸੀ, ਇਸਦਾ ਸਭਿਆਚਾਰਕ ਮਹੱਤਵ ਸੀ, ਭਾਰਤੀ ਕਲਚਰ ਦਾ ਇਹ ਮੁਖ ਪ੍ਰਤੀਕ ਸੀ, ਜਿਸਨੂੰ ਬਿਦੇਸੀ ਹਮਲਾਵਰਾਂ ਧਿੰਗੋਜ਼ੋਰੀ ਹਿੰਦੂਆਂ ਦੇ ਸਿਰੋਂ ਲਾਹ ਕੇ ਟੋਪੀ ਪਹਿਨਾਈ ਸੀ। ਮੁਸਲਿਮ ਤ੍ਵਾਰੀਖਾਂ ਤੋਂ ਇਹ ਗੱਲ ਭਲੀ ਭਾਂਤ ਸਿਧ ਹੋ ਜਾਂਦੀ ਹੈ ਕਿ ਤੁਰਕਾਂ ਨੇ ਸਾਨੂੰ ਬੇਪਤ ਕਰਨ ਲਈ ਐਸਾ ਕੀਤਾ। ਦਸਤਾਰ ਨੂੰ ਅਰਬੀ ਤਹਿਜ਼ੀਬ ਵਿਚ ਵੀ ਬੜਾ ਮਾਣ ਪ੍ਰਾਪਤ ਹੈ, ਜਿਸ ਕਰਕੇ ਉਹ ਕਾਫ਼ਰਾਂ ਦੇ ਸਿਰ ਤੇ ਇਸਨੂੰ ਬਰਦਾਸ਼ਤ ਨਹੀਂ ਸੀ ਕਰਦੇ। ਇਹੋ ਕਾਰਨ ਹੈ ਕਿ ੭—੮ ਸਦੀਆਂ ਇਹ ਦਸਤਾਰਾਂ ਜਬਰਨ ਲਾਹੀਆਂ ਜਾਂਦੀਆਂ ਰਹੀਆਂ।

ਗੁਰੂ ਸਾਹਿਬ ਇਸ ਗੱਲ ਲਈ ਬੜੇ ਸਾਵਧਾਨ ਸਨ ਕਿ ਜਬਰਨ ਮਿਟਾਏ ਜਾ ਰਹੇ ਭਾਰਤੀ ਸਭਿਆਚਾਰ ਦੇ ਮਹੱਤਵ-ਪੂਰਨ ਅੰਗ ਦੀ ਪੁਨਰ-ਸਥਾਪਨਾ ਕਰਨੀ ਹੈ, ਤਾਂ ਹੀ ਇਹ ਲੋਕ, ਸਵੈਮਾਨ ਤੇ ਪ੍ਰਤਿਸ਼ਠਾ ਦਾ ਜੀਵਨ ਬਸਰ ਕਰ ਸਕਦੇ ਹਨ।

'ਮੁਆਸਰਿ ਆਲਮਗੀਰੀ' ਵਿਚ ਲਿਖਿਆ ਹੈ ਕਿ ਔਰੰਗਜ਼ੇਬ ਨੇ ੧੬ ਫੱਗਣ, ੧੭੫੧ ਬਿ: ਵਿਚ ਇਕ ਸ਼ਾਹੀ ਫ਼ੁਰਮਾਨ ਜਾਰੀ ਕੀਤਾ ਕਿ ਰਾਜਪੂਤਾਂ ਤੋਂ ਸਿਵਾ ਕੋਈ ਹਿੰਦੂ ਵਧੀਆ ਘੋੜੇ ਦੀ ਸਵਾਰੀ ਨ ਕਰੇ ਤੇ ਨਾ ਹੀ ਹਥਿਆਰ ਧਾਰਨ ਕਰੇ। ਇਨ੍ਹਾਂ ਹੁਕਮਾਂ ਦਾ ਸਪਸ਼ਟ ਵਿਰੋਧ ਗੁਰੂ ਸਾਹਿਬ ਕਰ ਰਹੇ ਸਨ, ਜਿਨ੍ਹਾਂ ਆਪਣੇ ਸਿਖਾਂ ਨੂੰ ਬਾਰ ਬਾਰ ਇਹ ਲਿਖਿਆ ਕਿ ਜੇਕਰ ਗੁਰੂ ਲਈ ਕੋਈ ਭੇਟਾ ਲਿਆਉਣੀ ਹੈ ਤਾਂ ਉਹ ਵਧੀਆ ਘੋੜਾ ਲਿਆਵੇ ਜਾਂ ਫਿਰ ਵਧੀਆ ਸ਼ਸਤਰ ਲਿਆਵੇ। ਇਸੇ ਤਰ੍ਹਾਂ ਨਗਾਰਾ ਵਜਾਉਣਾ ਤੇ ਝੰਡਾ ਝੁਲਾਉਣਾ ਵੀ ਪ੍ਰਭੂ-ਸੱਤਾ ਦੇ ਚਿੰਨ੍ਹ ਸਨ, ਸੁਤੰਤਰਤਾ ਦੇ ਸੂਚਕ ਸਨ, ਜੋ ਗੁਰੂ ਸਾਹਿਬਾਨ ਨੇ ਸਿਖਾਂ ਵਿਚ ਉਚੇਚੇ ਰਾਇਜ (ਚਾਲੂ) ਕੀਤੇ।



www.AKJ.Org

ਸੋ ਇਸ ਪੱਖ ਤੋਂ ਦੇਖਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਸਿਖਾਂ ਲਈ ਕੇਸਕੀ ਨੂੰ ਖਾਲਸਾ ਰਹਿਤ ਦਾ ਅੰਗ ਬਣਾ ਕੇ ਲਾਜ਼ਮੀ ਕਰਾਰ ਦਿਤਾ। ਅਜ ਆਮ ਤੌਰ ਤੇ 'ਕੇਸਕੀ' ਦਾ ਅਰਥ ਛੋਟੀ ਦਸਤਾਰ ਹੀ ਲਿਆ ਜਾਂਦਾ ਹੈ, ਪਰ ਸ਼ੈਦ ਐਸਾ ਪਹਿਲੇ ਨਹੀਂ ਸੀ। ਕੇਸਕੀ ਬਾਰੇ ਭੱਟ-ਵਹੀਆਂ ਵਿਚ ਸਵਾ ਲੱਖ ਟੂਕ ਮਿਲੀ ਹੈ, ਜੋ ਸ਼ਾਇਦ ਪ੍ਰੇਮੀਆਂ ਲਈ ਸਵਾ ਲੱਖ ਤੋਂ ਕਿਤੇ ਵਧ ਮੁੱਲ ਦੀ ਹੈ।

ਬੋਲੀ ਤੇ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਸ਼ੈਦ ਅਠਾਰ੍ਹਵੀਂ ਸਦੀ ਦੇ ਅੰਤ ਦੀ ਲਿਖਤ ਹੈ, ਪਰ ਫਿਰ ਵੀ ਪੰਥ ਲਈ ਲਾਹੇਵੰਦੀ ਸਿੱਧ ਹੋਣ ਵਾਲੀ ਹੈ। ਇਹ ਟੂਕ ਇਸ ਪਰਕਾਰ ਹੈ :–

> **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ। ਪ੍ਰਿਥਮੇ ਦੇਆ ਰਾਮ ਸੋਪਤੀ ਖਤ੍ਰੀ ਬਾਸੀ ਲਾਹੌਰ ਖਲਾ ਹੂਆ, ਪਾਛੇ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ ਸ਼ਹਿਰ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨ ਨਾਥ—ਬਾਰੋ ਬਾਰੀ ਖਲੇ ਹੂਏ, ਸਭ ਕੋ ਨੀਲੰਬਰ ਪਹਿਨਾਇਆ, ਵਹੀ ਵੇਸ ਅਪਨਾ ਕੀਆ। ਹੁੱਕਾ, ਹਲਾਲ, ਹਜਾਮਤ, ਹਰਾਮ, ਟਿੱਕਾ, ਜੰਞੂ, ਧੋਤੀ ਕਾ ਤਿਆਗ ਕਰਾਇਆ। ਮੀਣੇ, ਧੀਰ-ਮੱਲੀਏ, ਰਾਮਰਾਈਏ, ਸਿਰਗੁੰਮੇ, ਮਸੰਦੋਂ ਕੀ ਵਰਤਣ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ ਸਭ ਕੋ ਦੀਆ, ਸਭ ਕੇਸਾਧਾਰੀ ਕੀਏ। ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ। ਆਗੈ ਗੁਰੂ ਕੀ ਸਤਿਗੁਰੂ ਜਾਣੇ, ਗੁਰੂ ਗੁਰੂ ਜਪਣਾ, ਗੁਰੂ ਹਰ ਥਾਈਂ ਸਹਾਈ ਹੋਗੁ।**
>
> **–ਭੱਟ ਵਹੀ ਪਰਗਣਾ, ਥਾਨੇਸਰ**

ਇਸ ਬਾਰੇ ਹੋਰ ਪ੍ਰਮਾਣ ਲੱਭਣ ਦੀ ਲੋੜ ਹੈ, ਤਾਂਕਿ ਅਸੀਂ ਸਿਖੀ ਰਹਿਤ ਦੇ ਸੰਬੰਧ ਵਿਚ ਕੇਸਕੀ ਦੇ ਪੂਰੇ ਮਹੱਤਵ ਨੂੰ ਪਛਾਣ ਸਕੀਏ। ਇਸ ਤੋਂ ਇਹ ਬਿਲਕੁਲ ਗ਼ਲਤ ਅਰਥ ਕੱਢਣ ਦੀ ਲੋੜ ਨਹੀਂ ਕਿ ਅਸੀਂ ਕੇਸ ਦੀ ਥਾਂ ਕੇਸਕੀ ਨੂੰ ਦੇ ਰਹੇ ਹਾਂ। ਕੇਸ ਸਭ ਤੋਂ ਵਧ ਮਹੱਤਵ ਰਖਦੇ ਹਨ, ਕਿਉਂਕਿ ਕੇਸ ਹਨ ਤਾਂ ਸ਼ਿਖੀ ਹੈ। ਕੇਸਕੀ ਤਾਂ ਕੇਵਲ ਕੇਸਾਂ ਦੀ ਸੰਭਾਲ ਲਈ ਹੈ, ਜਿਵੇਂ ਕਿ ਕੰਘਾ ਉਨ੍ਹਾਂ ਦੀ ਸਫਾਈ ਲਈ ਹੈ। ਸੋ ਲੋੜ ਹੈ, ਸਾਰੇ ਪ੍ਰਸੰਗ ਨੂੰ ਮੁਖ ਰਖ ਕੇ ਵਿਚਾਰਿਆ ਜਾਵੇ ਤੇ ਇਸ ਬਾਰੇ ਹੋਰ ਇਤਿਹਾਸਕ ਹਵਾਲੇ ਇਕੱਤਰ ਕੀਤੇ ਜਾਣ।

ਪਿਆਰਾ ਸਿੰਘ ਪਦਮ

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ | ਜੇਲ੍ਹ ਚਿਠੀਆਂ | ੧੫–੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤਪ੍ਰਸਤੀ | ੩–੭੫ | ਅੰਮ੍ਰਿਤ ਕੀ ਹੈ ? | ੧–੦੦ |
| ਅਨਹਦ ਸ਼ਬਦ ਦਸਮ ਦੁਆਰ | ੬–੦੦ | ਗੁਰਮਤਿ ਲੇਖ | ੫–੫੦ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩–੫੦ | ਗੁਰਮਤਿ ਵਿਚਾਰ | ੫–੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫–੫੦ | ਗੁਰਮਤਿ ਪ੍ਰਕਾਸ਼ | ੩–੭੫ |
| ਸਚਖੰਡ ਦਰਸ਼ਨ | ੧–੫੦ | ਉਮਰ ਕੈਦੀ ਦਾ ਸੁਪਨਾ | ੦–੪੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੪–੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦–੪੦ |
| ਗੁਰਮਤਿ ਰਮਜ਼ਾ | ੧–੩੦ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ | ੦–੨੫ |
| ਸਬਦੁ ਗੁਰ ਪੀਰਾ | ੦–੪੦ | ਗੁਰਬਾਣੀ ਦੀ ਪਾਰਸ ਕਲਾ | ੦–੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦–੩੦ | ਗੁਰਮਤਿ ਅਨਹਦ ਸ਼ਬਦ | ੦–੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੪੦ | ਜੀਵਨ ਚਰਿਤ੍ਰ ਭਾ ਰਣਧੀਰ ਸਿੰਘ ਜੀ | ੧–੦੦ |
| ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ | ੧–੫੦ | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦–੫੦ |

HAIR-A DIVINE GIFT 0-40
Dawn of Divine Wisdom 0-75


www.AKJ.Org

# ਅਸੰਖ ਸੂਰ ਮੁਹ ਭਖ ਸਾਰ

(ਜਪੁ—ਗੁਰੂ ਨਾਨਕ ਸਾਹਿਬ)

[ਵਲੋਂ—ਪ੍ਰੋਫੈਸਰ ਹਰੀ ਸਿੰਘ ਜੀ ,ਐਮ. ਏ.]

ਨਿਰਭੈਤਾ ਦੇ ਜਿਸ ਗੁਣ ਦਾ ਜ਼ਿਕਰ ਸਿਰਲੇਖ-ਬਚਨ ਵਿਚ ਕੀਤਾ ਹੈ, ਤੇ ਜਿਸ ਦੀ ਸਾਨੂੰ, ਕੀ ਵਿਅਕਤਕ ਤੇ ਕੀ ਸਮੂਹਕ, ਕੌਮੀ ਜੀਵਨ ਲਈ ਅਜ਼ਹਦ ਲੋੜ ਹੈ, ਉਸ ਵਲ ਆਪਣਾ ਰੁਖ਼ ਮੋੜੀਏ। ਗੁਰੂ ਗੋਬਿੰਦ ਸਿੰਘ ਜੀ ਨੇ ਨਿਰਭੈਤਾ ਦੇ ਇਸ ਰੱਬੀ ਗੁਣ ਦੀ ਮੰਗ, ਆਪਣੇ ਪੂਜਯ ਪਰਮ ਪੁਰਖ ਤੋਂ ਇਹਨਾਂ ਸ਼ਬਦਾਂ ਰਾਹੀਂ ਕੀਤੀ ਹੈ :—

ਨ ਡਰੋਂ ਅਰਿ ਸਿਉਂ ਜਬ ਜਾਇ ਲਰੋਂ, ਨਿਸਚੇ ਕਰ ਅਪਨੀ ਜੀਤ ਕਰੋਂ।

ਕਿ ਹੇ ਪ੍ਰਭੂ, ਮੈਨੂੰ ਇਕ ਵਰਦਾਨ ਵੀ ਬਖਸ਼ੋ ਕਿ ਮੈਂ ਧਰਮ-ਯੁਧ ਵਿਚ ਸ਼ਾਮਲ ਹੋ ਕੇ ਜਦੋਂ ਵੈਰੀਆਂ ਨਾਲ ਲੜਾਂ ਤਾਂ ਬਿਲਕੁਲ ਨਿਡਰ ਰਹਿ ਕੇ ਨਿਸਚਤ ਤੌਰ ਤੇ ਆਪਣੀ ਫ਼ਤਹ ਕਰਾਂ। ਕਿਤਨਾ ਮਹਾਨ ਸਫੂਰਤੀ-ਦਾਇਕ ਇਹ ਬਚਨ ਤੇ ਮੰਗਿਆ ਗਿਆ ਇਹ ਵਰਦਾਨ ਹੈ। ਇਕ ਹੋਰ ਬਚਨ ਸ੍ਰੀ ਦਸਮੇਸ਼ ਜੀ ਦਾ ਅਜਿਹਾ ਵਰਦਾਨ ਮੰਗਣ ਬਾਰੇ ਇਸ ਤਰ੍ਹਾਂ ਹੈ :—

ਹੇ ਰਵਿ ਹੇ ਸਸ ਹੇ ਕਰਣਾਨਿਧ, ਮੇਰੀ ਅਬੈ ਬਿਨਤੀ ਸੁਨ ਲੀਜੈ ॥
ਔਰ ਨ ਮਾਂਗਤ ਹੋ ਤੁਮ ਤੇ ਕੁਛ, ਚਾਹਤ ਹੋ ਕਿਰਪਾ ਕਰ ਦੀਜੈ ॥
ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤਉ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਭੀਤਰ, ਕ੍ਰਿਪਾ ਕਰ ਸ਼ਯਾਮ ਇਹੈ ਬਰ ਦੀਜੈ ॥

ਸੀਸ ਭੇਟ ਮੰਗੇ ਤੇ ਦਿਤੇ ਜਾਣ ਦੇ ਵਿਸ਼ੇਸ਼ ਪ੍ਰਸੰਗ ਅੰਦਰ, ਮੌਤ ਤਕ ਤੋਂ ਬੇ-ਖ਼ੌਫ਼ ਹੋ ਕੇ ਜਾਨ ਅਰਪਣ ਕਰਨ ਦਾ ਪਾਠ ਪੜ੍ਹਾਇਆ ਗਿਆ ਹੈ। ਮਹਾਰਾਜ ਦਾ ਇੰਨੀ ਭਾਰੀ ਬਾਦਸ਼ਾਹੀ ਦੀ ਸੈਨਿਕ ਸ਼ਕਤੀ ਨਾਲ ਲੋਹਾ ਲੈ ਸਕਣ ਦਾ ਰਾਜ਼ ਆਪਣੀ ਕੌਮ ਅੰਦਰ ਕਮਾਲ ਹਦ ਤੀਕ ਨਿਰਭੈਤਾ ਦੀ ਸਪਿਰਿਟ ਫੂਕ ਦੇਣਾ ਹੀ ਸੀ। ਇਸੇ ਸਿਫ਼ਤ ਦੇ ਆਧਾਰ ਉਤੇ ਆਪਦੇ ਨਾਲ ਇਹ ਬਚਨ ਮਨਸੂਬ ਕੀਤੇ ਗਏ ਹਨ, ਜਿਵੇਂ ਕਿ 'ਸਵਾ ਲਾਖ ਸੇ ਏਕ ਲੜਾਊਂ, ਚਿੜੀਆਂ ਕੋਲੋਂ ਬਾਜ ਤੁੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊ' ਆਦਿਕ। ਜਿਨ੍ਹਾਂ ਕੌਮਾਂ ਨੂੰ ਨਿਰਭੈ ਹੋ ਕੇ ਮਰਨਾ ਆ ਜਾਂਦਾ ਹੈ, ਉਹਨਾਂ ਨੂੰ ਦੁਨੀਆ ਦੀ ਕੋਈ ਤਾਕਤ ਨੀਵਾਂ ਨਹੀਂ ਦਿਖਾ ਸਕਦੀ। ਹਰ ਪਾਸੇ ਵਿਜੈ ਉਹਨਾਂ ਦੇ ਹਮ-ਰਕਾਬ ਹੁੰਦੀ ਹੈ। ਕਿਸੇ ਮੁਬਾਰਕ ਪ੍ਰਯੋਜਨ ਹਿਤ, ਆਪਣੀ ਜਾਨ ਨੂੰ ਹੂਲ ਦੇਣ ਦੀ ਇਸੇ ਸਪਿਰਿਟ ਨੂੰ ਸ੍ਰੀ ਕਬੀਰ ਜੀ ਨੇ ਆਪਣੇ ਇਹਨਾਂ ਬਚਨਾਂ ਅੰਦਰ ਵਿਅਕਤ ਕੀਤਾ ਹੈ :—

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥ ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

ਨਿਰਵੈਰਤਾ ਜਾਂ ਪ੍ਰੇਮ ਦੇ ਆਪਣੇ ਰੱਬੀ ਆਦਰਸ਼ ਦੇ ਸਬੱਬ, ਕੋਈ ਆਦਰਸ਼ਵਾਦੀ ਕੌਮ ਕਿਸੇ ਦੂਸਰੇ ਰਾਸ਼ਟਰ ਵਿਰੁਧ ਵਧੀਕੀ ਕਰਨ ਵਾਲਾ ਜੰਗ ਨਹੀਂ ਛੇੜਦੀ, ਪਰ ਜੇ ਕੋਈ ਦੂਸਰੀ ਤਾਕਤ ਬਦੋ ਬਦੀ ਗਲ ਪੈਣ ਦਾ ਸਾਹਸ ਤੇ ਸ਼ਰਾਰਤ ਕਰ ਬਹੇ ਤਾਂ ਉਸ ਨਾਲ ਲੋਹਾ ਲੈ ਕੇ ਉਸ ਦੇ ਛਕੇ ਛੁੜਾ ਤੇ ਦੰਦ ਖਟੇ ਕਰ ਦੇਣੇ, ਸੂਰਬੀਰ ਲੋਕਾਂ ਦਾ ਪਰਮ ਕਰਤੱਵ ਹੋ ਜਾਂਦਾ ਹੈ।

**ਸੂਖਮ ਅਤੇ ਅਧਿਆਤਮਕ ਵਿਚਾਰ :—**

'ਅਸੰਖ ਸੂਰ ਮੁਹ ਭਖ ਸਾਰ' ਨਿਰੰਕਾਰੀ ਬਚਨ ਦੀ ਜਿਥੇ ਇਕ ਪਾਸੇ ਉਪ੍ਰੋਕਤ ਲਿਖੇ ਅਨੁਸਾਰ ਸਥੂਲ ਤੇ ਯਥਾਰਥ-ਵਾਦੀ ਵਿਚਾਰ ਪੇਸ਼ ਕੀਤੀ ਗਈ ਹੈ ਉਥੇ ਨਾਲ ਲਗਦੇ ਇਸ ਦੀ ਨਿਰੋਲ ਆਦਰਸ਼ਵਾਦੀ ਤੇ



www.AKJ.Org

ਸੂਖਮ ਵਿਆਖਿਆ ਵਲ ਵੀ ਸੰਕੇਤ ਕਰ ਲੈਣਾ ਐਨ ਸਾਰਥਕ ਤੇ ਉਪਯੋਗੀ ਹੋਵੇਗਾ । ਬਾਹਰਲੇ ਸਥੂਲ ਜੰਗ ਜਦਲਾਂ ਵਿਚ ਸ਼ਾਮਲ ਹੋਣ ਦਾ ਵੀ ਕੌੜਾ ਘੁਟ ਭਰਨਾ ਕਦੀ ਕਦੀ ਸਾਡੇ ਲਈ ਆਵਸ਼ਕ ਹੋ ਜਾਂਦਾ ਹੈ ਤੇ ਇਸ ਨੂੰ ਟਾਲਿਆ ਨਹੀਂ ਜਾ ਸਕਦਾ, ਪਰ ਸਾਰਾ ਜੀਵਨ ਤੇ ਇਸ ਦੇ ਅੰਦਰ ਵਾਪਰਨ ਵਾਲੀਆਂ ਆਏ ਦਿਨ ਦੀਆਂ ਅਨੇਕਾਂ ਔਕੜਾਂ ਤੇ ਦੁੱਖਾਂ ਕਸ਼ਟਾਂ ਦਾ ਸਾਹਮਣਾ ਕਰਨਾ ਵੀ ਇਕ ਮਹਾਨ ਤੇ ਨਿਰੰਤਰ ਸੰਗ੍ਰਾਮ ਹੁੰਦਾ ਹੈ । ਫਿਰ ਆਪਣੇ ਹੀ ਮਨ ਤੇ ਇਸ ਦੀਆਂ ਨੀਵੀਆਂ ਪਾਸ਼ਵਿਕ ਵਿਰਤੀਆਂ ਵਿਰੁਧ ਲੜਾਈ ਲੜ ਕੇ ਫਤਹ ਪ੍ਰਾਪਤ ਕਰਨ ਦੀ ਪ੍ਰੇਰਨਾ ਕੀਤੀ ਤੇ ਲੋੜ ਦਸੀ ਗਈ ਹੈ । ਮਨ ਦੀ ਜਿਤ ਨੂੰ ਨਿਰੰਕਾਰੀ ਗੁਰੂਦੇਵ ਜੀ ਨੇ ਜਗਤ ਦੀ ਜਿਤ ਕਰ ਕੇ ਦਸਿਆ ਹੈ । ਇਹ ਜੰਗ ਅਜਿਹਾ ਹੈ ਜਿਸ ਵਿਚ ਕਿ ਸਾਨੂੰ ਸਾਰਿਆਂ ਨੂੰ ਨਿਰੰਤਰ ਤੌਰ ਤੇ ਪ੍ਰਵਿਰਤ ਹੋਣਾ ਤੇ ਰਹਿਣਾ ਪੈਂਦਾ ਹੈ । ਬਾਹਰਲੇ ਰਾਜਨੀਤਕ ਜੰਗ ਤਾਂ ਕਦੀ ਕਦੀ ਵਾਪਰਦੇ ਹਨ ਤੇ ਇਹਨਾਂ ਵਿਚ ਹਰੇਕ ਸ਼ਹਿਰੀ ਨੂੰ ਸਰਗਰਮ ਹਿੱਸਾ ਲੈਣ ਤੇ ਆਪਣੀ ਸੂਰਬੀਰਤਾ ਦਰਸਾਣ ਦਾ ਮੌਕਾ ਨਹੀਂ ਮਿਲਦਾ, ਤੇ ਨਾ ਅਜਿਹਾ ਹੋ ਹੀ ਸਕਦਾ ਹੈ । ਪਰ ਸੰਸਾਰਕ ਜੀਵਨ ਦੀਆਂ ਔਕੜਾਂ ਤੇ ਦੁਖ-ਕਸ਼ਟਾਂ ਨਾਲ ਤਾਂ ਹਰੇਕ ਨੂੰ ਹਰ ਰੋਜ਼ ਦੋ ਚਾਰ ਹੋਣਾ ਪੈਂਦਾ ਹੈ । ਆਪਣੇ ਬੁੱਕਲ ਦੇ ਵੈਰੀਆਂ ਨਾਲ ਹਰ ਛਿਨ ਪਲ ਹੀ ਸੰਗ੍ਰਾਮ ਚਲਦਾ ਰਹਿੰਦਾ ਹੈ । ਇਹਨਾਂ ਕਾਮਾਦਿਕ ਸ਼ਤਰੂਆਂ ਦੇ ਪ੍ਰਹਾਰਾਂ ਨੂੰ ਮਰਦਾਨਾਵਾਰ ਸਹਾਰਨਾ ਤੇ ਮੋੜਵੇਂ ਵਾਰ ਕਰ ਕੇ ਇਹਨਾਂ ਨੂੰ ਨਿਹੱਥੇ ਕਰਨਾ ਤੇ ਕੀਲ ਦੇਣਾ ਹੀ ਅਸਲ ਅਰਥਾਂ ਵਿਚ ਸਾਰਥਕ ਤੇ ਸਰਬ ਸ੍ਰੇਸ਼ਟ ਜਿਤ ਕਹੀ ਜਾ ਸਕਦੀ ਹੈ । ਇਹਨਾਂ ਪੰਜਾਂ ਸ਼ਤਰੂਆਂ ਵਿਰੁਧ ਕਲ-ਮਕੱਲੇ ਲੜਨ ਅਤੇ ਇਹਨਾਂ ਉਤੇ ਜਿਤ ਪ੍ਰਾਪਤ ਕਰਨ ਦਾ ਰੂਪਕ ਕਈ-ਇਕ ਥਾਂ ਇਸ ਤਰ੍ਹਾਂ ਫੁਰਮਾਇਆ ਹੈ 'ਮਾਰੇ ਪੰਚ ਬਿਖਾਦੀਆ ॥ ਗੁਰ ਕਿਰਪਾ ਤੇ ਦਲੁ ਸਾਧਿਆ ॥' ਗੁਰੂ ਅਰਜਨ ਦੇਵ ਜੀ ਦਾ ਇਕ ਬਚਨ ਹੈ 'ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥' ਆਪਣੀ ਫ਼ਤਹ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

ਜੀਤਿ ਲਏ ਓਇ ਮਹਾ ਬਿਖਾਦੀ, ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ, ਪਾਇਆ ਪਦੁ ਨਿਰਬਾਣੀ ॥

ਸੋ ਮਹਾਰਾਜ ਆਪਣੀ ਅਪਾਰ ਕਿਰਪਾ ਨਾਲ ਸਾਨੂੰ ਚਰਨ ਸੇਵਕਾਂ ਨੂੰ ਬਲ ਤੇ ਹਿੰਮਤ ਬਖਸ਼ਣ ਕਿ ਅਸੀਂ ਬੈਰੂਨੀ ਤੇ ਅੰਦਰੂਨੀ ਦੋਹਾਂ ਹੀ ਜੰਗਾਂ ਦੀ ਜਿਤ ਦਾ ਸਿਹਰਾ ਪਾਣ ਤੇ ਇਸ ਤਰ੍ਹਾਂ 'ਅਸੰਖ ਸੂਰ ਮੁਹ ਭਖ ਸਾਰ' ਦੀ ਗਿਣਤੀ ਵਿਚ ਸ਼ੁਮਾਰ ਹੋਣ ਦਾ ਮਾਣ ਪ੍ਰਾਪਤ ਕਰ ਸਕੀਏ ।

['ਗੁਰਮਤਿ ਪ੍ਰਕਾਸ਼' ਅਪ੍ਰੈਲ ੧੯੭੧ ਦੇ ਲੇਖ ਵਿਚੋਂ

---

## ਸਾਊਥਹਾਲ ਯੂ. ਕੇ. ਵਿਚ ਰੈਣ ਸਬਾਈ ਕੀਰਤਨ

ਗੁਰਦਵਾਰਾ ਰਾਮਗੜ੍ਹੀਆ ਸਭਾ Oswald Road, Southall, Middx ਵਿਖੇ 20 ਮਾਰਚ 1982 ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਪੁਛ ਗਿਛ ਲਈ ਟੈਲੀਫ਼ੂਨ–

ਗੁਰਦਵਾਰਾ 01-574-5635, ਭਾਈ ਜੋਗਾ ਸਿੰਘ 01-571-1726.

ਦਾਸਰਾ-ਗੁਰਨਾਮ ਸਿੰਘ ਜਨਰਲ ਸਕੱਤਰ, ਅਖੰਡ ਕੀਰਤਨੀ ਜਥਾ ਯੂ. ਕੇ. ਰੈਡਿੰਗ

---

**ਸ਼ੋਧ ਲਓ ਜੀ**—'ਸੂਰਾ' ਜਨਵਰੀ 1982, ਪੰਨਾ 43 'ਪੁਰਾਣੇ ਅਮਾਨਤੀ ਲਾਈਫ਼ ਮੈਂਬਰ, ਹੈਡਿੰਗ ਹੇਠ ਛਪਿਆ ਸ: ਕੁਲਵੰਤ ਸਿੰਘ ਪੰ: ਸਿੰਧ ਬੈਂਕ (3721) ਦੇ ਥਾਂ ਭਾ: ਜਰਨੈਲ ਸਿੰਘ (3794) ਪੜ੍ਹੋ । ਅਤੇ 'ਨਵੇਂ ਅਮਾਨਤੀ ਲਾਈਫ਼ ਮੈਂਬਰ' ਹੈਡਿੰਗ ਹੇਠ ਐਫ. ਡੀ. ਦੀ ਤਰੀਕ 24-12-81 ਤੋਂ 24-12-84 ਪੜ੍ਹੋ ਜੀ ।



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਕੀਰਤਨੀ ਜਥਾ

[ਲੇਖਕ :–ਸ: ਰਵੇਲ ਸਿੰਘ ਜੀ ਐਡਵੋਕੇਟ]

੧੩ ਅਪਰੈਲ ੧੯੭੮ ਨੂੰ ਅੰਮ੍ਰਿਤਸਰ ਵਿਚ ਨਕਲੀ ਨਿਰੰਕਾਰੀਆਂ ਹਥੋਂ ਸ਼ਹੀਦ ਹੋਣ ਵਾਲੇ ਸਿੰਘਾਂ ਵਿਚ ਵਧੇਰੇ ਗਿਣਤੀ ਭਾਈ ਸਾਹਿਬ ਰਣਧੀਰ ਸਿੰਘ ਦੇ ਕੀਰਤਨੀ ਜਥੇ ਦੇ ਸਿੰਘਾਂ ਦੀ ਸੀ। ਪਿਛੇ ਜਿਹੇ ਪੰਜਾਬ ਵਿਚ ਹੋਏ ਅਫਸੋਸਨਾਕ ਕਤਲਾਂ ਦੇ ਸੰਬੰਧ ਵਿਚ ਇਸ ਜਥੇ ਦੇ ਕਈ ਸਿੰਘਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਪਾਸੋਂ ਪੁਛਗਿੱਛ ਕੀਤੀ ਜਾਂਦੀ ਰਹੀ ਹੈ। ਕਈਆਂ ਨੂੰ ਸਖ਼ਤ ਤਸੀਹਿਆਂ ਦਾ ਵੀ ਸਾਹਮਣਾ ਕਰਨਾ ਪਿਆ ਹੈ, ਜਿਸ ਸੰਬੰਧੀ ਸਿੱਖਾਂ ਦੀਆਂ ਸਮੂਹ ਜਥਬੰਦੀਆਂ ਨੇ ਰੋਸ ਵੀ ਕੀਤਾ ਹੈ। ਭਾਈ ਸਾਹਿਬ ਰਣਧੀਰ ਸਿੰਘ ਬਾਰੇ ਹੇਠਾਂ ਕੁਝ ਵਾਕਫੀਅਤ ਇਸ ਲਈ ਦਿਤੀ ਜਾ ਰਹੀ ਹੈ ਤਾਂ ਜੁ ਆਮ ਜਨਤਾ ਅੰਦਾਜ਼ਾ ਲਾ ਸਕੇ ਕਿ ਭਾਈ ਸਾਹਿਬ ਨੇ ਦੇਸ਼ ਦੀ ਆਜ਼ਾਦੀ ਲਈ ਕਿਤਨੀ ਮਹਾਨ ਘਾਲਣਾ ਘਾਲੀ ਅਤੇ ਦੇਸ਼ ਅਤੇ ਪੰਥ ਵਿਚੋਂ ਛੂਤ-ਛਾਤ ਦੂਰ ਕਰਨ ਲਈ ਕਿਸ ਹਿੰਮਤ ਤੇ ਦਲੇਰੀ ਨਾਲ ਆਪ ਨੇ ਜ਼ਾਤ-ਅਭਿਮਾਨੀਆਂ ਦੀ ਪ੍ਰਵਾਹ ਨਹੀਂ ਕੀਤੀ। ਆਪ ਦੇ ਜਥੇ ਦੇ ਸਿੰਘਾਂ ਦੇ ਪ੍ਰੋਗਰਾਮ ਦਾ ਵੀ ਇਸ ਤੋਂ ਅੰਦਾਜ਼ ਲਾਇਆ ਜਾ ਸਕਦਾ ਹੈ। —ਲੇਖਕ

ਬਜ ਬਜ ਘਾਟ ਤੇ ਹੋਏ ਜ਼ੁਲਮਾਂ ਅਤੇ ਗੁਰਦਵਾਰਾ ਰਕਾਬ ਗੰਜ ਦੀ ਕੰਧ ਡੇਗਣ ਕਾਰਨ ਪੰਜਾਬੀਆਂ, ਖਾਸ ਕਰ ਸਿੰਘਾਂ ਵਿਚ ਅੰਗਰੇਜ਼ ਵਿਰੁਧ ਬਹੁਤ ਜੋਸ਼ ਵਧ ਗਿਆ ਸੀ।–ਅੰਗਰੇਜ਼ੀ ਰਾਜ ਤੋਂ ਛੁਟਕਾਰਾ ਪਾਉਣ ਲਈ ਦੇਸ਼ ਦੇ ਕਰਾਂਤੀਕਾਰੀਆਂ ਵਲੋਂ ੧੯ ਫ਼ਰਵਰੀ ੧੯੧੪ ਦਾ ਦਿਨ ਇਸ ਮੰਤਵ ਲਈ ਚੁਣਿਆ ਗਿਆ ਸੀ ਕਿ ਇਸ ਦਿਨ ਵਖੋ ਵਖ ਛਾਉਣੀਆਂ ਵਿਚ ਅੰਗਰੇਜ਼ੀ ਰਾਜ ਵਿਰੁਧ ਬਗਾਵਤ ਕਰ ਕੇ ਦੇਸ਼ ਨੂੰ ਆਜ਼ਾਦ ਕਰਾਇਆ ਜਾਏ। ਭਾਈ ਸਾਹਿਬ ਰਣਧੀਰ ਸਿੰਘ ਅਤੇ ਉਹਨਾਂ ਦੇ ਸਠ-ਸਤਰ ਸਾਥੀਆਂ ਦੇ ਜ਼ਿੰਮੇ ਫ਼ੀਰੋਜ਼ਪੁਰ ਛਾਉਣੀ ਉਪਰ ਕਬਜ਼ਾ ਕਰਨ ਦੀ ਡਿਊਟੀ ਲਾਈ ਗਈ ਸੀ, ਪਰ ਇਸ ਤੋਂ ਪਹਿਲਾਂ ਹੀ ਇਕ ਮੁਖਬਰ ਕ੍ਰਿਪਾਲ ਸਿੰਘ ਨੇ ਸਾਰਾ ਭੇਦ ਖੋਲ੍ਹ ਦਿਤਾ ਅਤੇ ਅੰਗਰੇਜ਼ ਨੇ ਦੇਸੀ ਫ਼ੌਜਾਂ ਦੇ ਹਥਿਆਰ ਰਖਾ ਕੇ ਸਾਰੀਆਂ ਛਾਉਣੀਆਂ ਦਾ ਪ੍ਰਬੰਧ ਆਪਣੇ ਹੱਥ ਲੈ ਲਿਆ। ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਹੋਰ ਕਈ ਦੇਸ਼-ਭਗਤ ਗ੍ਰਿਫਤਾਰ ਕਰ ਲਏ ਗਏ। ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਨਾਭੇ ਵਿਚ ਨਜ਼ਰਬੰਦ ਕਰ ਕੇ ਫੜ ਲਿਆ ਗਿਆ। ਭਾਈ ਸਾਹਿਬ ਨੂੰ ਅੰਗਰੇਜ਼ੀ ਸਰਕਾਰ ਵਿਰੁਧ ਬਗ਼ਾਵਤ ਕਰਨ ਦਾ ਦੋਸ਼ੀ ਕਰਾਰ ਦੇ ਕੇ ੩੦ ਮਾਰਚ ੧੯੧੬ ਨੂੰ ਉਮਰ ਕੈਦ ਦੀ ਸਜ਼ਾ ਦਿਤੀ ਗਈ ਅਤੇ ਉਹਨਾਂ ਦੀ ਸਾਰੀ ਜਾਇਦਾਦ ਜ਼ਬਤ ਕਰਨ ਦਾ ਵੀ ਹੁਕਮ ਹੋਇਆ। ਆਪ ਨੇ ੧੬ ਸਾਲ ਲਗਾਤਾਰ ਵਖੋ ਵਖ ਜੇਲ੍ਹਾਂ ਵਿਚ ਕੈਦ ਕਟੀ। ਇਸ ਸਮੇਂ ਆਪ ਨੂੰ ਜੋ ਤਸੀਹੇ ਦਿਤੇ ਗਏ, ਉਹਨਾਂ ਦੀ ਕਹਾਣੀ ਬੜੀ ਦਰਦਨਾਕ ਹੈ। ਤਿੰਨ ਤਿੰਨ ਮਹੀਨੇ ਆਪ ਭੁੱਖ ਹੜਤਾਲ ਤੇ ਰਹੇ। ਆਪ ਨੂੰ ਨਾਸਾਂ ਰਾਹੀਂ ਖੁਰਾਕ ਦੇਣ ਦੇ ਯਤਨਾਂ ਵਿਚ ਆਪ ਦੇ ਦੰਦ ਤੋੜ ਦਿਤੇ ਗਏ, ਕਿਤਨਾ ਹੀ ਸਮਾਂ ਅਤੇ ਕਿਤਨੀ ਹੀ ਵਾਰ ਆਪ ਨੂੰ ਖੜੀਆਂ ਬੇੜੀਆਂ ਅਤੇ ਹਥਕੜੀਆਂ ਦੀ ਸਜ਼ਾ ਭੁਗਤਣੀ ਪਈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਦੇਸ਼-ਭਗਤ ਦੀ ਇਹ ਉਚ ਮਿਸਾਲ ਹੈ।

ਸਮਾਜ ਸੁਧਾਰ ਲਈ ਆਪ ਨੇ ਜੋ ਸੇਵਾ ਕੀਤੀ, ਉਹ ਵੀ ਬੜੀ ਮਹਾਨ ਹੈ। ੧੪ ਜੂਨ ੧੯੧੩ ਨੂੰ ਪਿੰਡ ਬਕਾਪੁਰ ਤਹਿਸੀਲ ਫ਼ਲੌਰ ਵਿਚ ਇਕ ਪੰਥਕ ਸਮਾਗਮ ਇਸ ਮੰਤਵ ਲਈ ਕੀਤਾ ਗਿਆ ਕਿ ਸਿੰਘਾਂ ਵਿਚੋਂ ਜ਼ਾਤ ਪਾਤ ਦੇ ਭਰਮ-ਭੇਦ ਮਿਟਾ ਕੇ ਸਭ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਜਾਏ। ਇਸ ਪਿੰਡ ਦੇ ਮੌਲਵੀ ਕਰੀਮ ਬਖਸ਼ ਨੇ ਸਣੇ ਪਰਵਾਰ ਸਿੰਘ ਸਜਣ ਦਾ ਐਲਾਨ ਕੀਤਾ। ਸ. ਸੁੰਦਰ ਸਿੰਘ ਮਜੀਠੀਆ;



www.AKJ.Org

ਸਰਦਾਰ ਹਰਨਾਮ ਸਿੰਘ ਆਟੇ ਵਾਲੇ, ਡਾਕਟਰ ਜੈ ਸਿੰਘ ਅਤੇ ਹੋਰ ਪੰਥਕ ਮੁਖੀ ਪੁਜੇ ਹੋਏ ਸਨ। ਇਸ ਸਮਾਗਮ ਵਿਚ ਪਹਿਲਾ ਜਥਾ ਸਿੰਘ ਸਭਾ ਗੁਜਰਾਂਵਾਲਾ ਦਾ ਪੁਜਿਆ, ਦੂਜਾ ਜਥਾ ਨਾਰੰਗਵਾਲ ਦਾ ਸੀ ਜਿਸ ਦੇ ਮੁਖੀ ਸਰਦਾਰ ਬਸੰਤ ਸਿੰਘ ਬੀ. ਏ. ਤਸੀਲਦਾਰ (ਭਾਈ ਸਾਹਿਬ ਰਣਧੀਰ ਸਿੰਘ ਦਾ ਇਹ ਪਹਿਲਾ ਨਾਮ ਸੀ) ਅਤੇ ਮੁਨਸ਼ੀ ਅਨੂਪ ਸਿੰਘ ਸਨ। ਦੀਵਾਨ ਵਿਚ ਇਨ੍ਹਾਂ ਨੇ ਖੜੇ ਹੋ ਕੇ ਬੇਨਤੀ ਕੀਤੀ ਕਿ ਸਾਨੂੰ ਵੀ ਅੰਮ੍ਰਿਤ ਪਾਨ ਕਰਾਇਆ ਜਾਏ। ਭਾਈ ਸਾਹਿਬ ਜ਼ਾਤ ਪਾਤ ਅਤੇ ਊਚ-ਨੀਚ ਦੇ ਵਿਤਕਰੇ ਦੇ ਸਖ਼ਤ ਵਿਰੋਧੀ ਸਨ। ਅੰਮ੍ਰਿਤ ਛਕਣ ਮਗਰੋਂ ਭਾਈ ਸਾਹਿਬ ਨੂੰ ਆਪਣੇ ਪਿੰਡ ਦੇ ਹੀ ਜਨੂੰਨੀ ਵਸਨੀਕਾਂ ਦੇ ਮਾੜੇ ਵਰਤਾਉ ਦਾ ਸਾਹਮਣਾ ਕਰਨਾ ਪਿਆ। ਆਪ ਦੀ ਹਵੇਲੀ ਵਿਚ ਇਕ ਖੂਹੀ ਸੀ, ਜਿਸ ਤੋਂ ਪਿੰਡ ਦੇ ਲੋਕ ਆਪਣੀ ਵਰਤੋਂ ਲਈ ਪਾਣੀ ਬਾਹਰ ਗਲੀ ਵਿਚੋਂ ਭਰਦੇ ਸਨ। ਪਿੰਡ ਦੇ ਵਸਨੀਕਾਂ ਨੇ ਇਸ ਖੂਹੀ ਤੋਂ ਪਾਣੀ ਲੈਣਾ ਬੰਦ ਕਰ ਦਿਤਾ ਅਤੇ ਆਪਣਾ ਵਖਰਾ ਪ੍ਰਬੰਧ ਕਰ ਲਿਆ। ਉਹ ਕਹਿੰਦੇ ਸਨ ਕਿ "ਇਹ ਖੂਹੀ ਤਾਂ ਹੁਣ ਭ੍ਰਿਸ਼ਟੀ ਗਈ ਹੈ ਤੇ ਨੰਬਰਦਾਰਾਂ ਦਾ ਤਹਿਸੀਲਦਾਰ ਪੁਤਰ (ਉਸ ਸਮੇਂ ਭਾਈ ਸਾਹਿਬ ਤਹਿਸੀਲਦਾਰ ਲਗੇ ਹੋਏ ਸਨ) ਚੂਹੜ-ਸਭੀਆ ਬਣ ਗਿਆ ਹੈ। ਦੇਖੋ, ਨਾਲੇ ਮੁਸਲਮਾਨਾਂ ਨਾਲ ਖਾਣ ਪੀਣ ਲਗ ਪਿਆ ਹੈ, ਨਾਲੇ ਛੋਟੀਆਂ ਜਾਤਾਂ ਨਾਲ ਅਭੇਦ ਵਰਤਦਾ ਹੈ। ਅਖੇ ਸਿਖੀ ਵਿਚ ਸਭੀ ਸਮਾਨ ਹੁੰਦੇ ਹਨ।" ਭਾਈ ਸਾਹਿਬ ਨੇ ਬੜੀ ਹਿੰਮਤ ਨਾਲ ਇਸ ਵਿਰੋਧਤਾ ਦਾ ਵੀ ਟਾਕਰਾ ਕੀਤਾ ਅਤੇ ਲੋੜ ਪੈਣ ਤੇ ਆਪਣਾ ਪ੍ਰਸ਼ਾਦਾ ਵੀ ਆਪ ਪਕਾਉਣਾ ਪਿਆ। ਫਲਸਰੂਪ ਅੰਮ੍ਰਿਤਧਾਰੀ ਸਿੰਘਾਂ ਵਿਚ ਇਹ ਜਾਗਰਤਾ ਪੈਦਾ ਹੋਈ ਕਿ ਉਹ ਕੇਵਲ ਅੰਮ੍ਰਿਤਧਾਰੀ ਸਿੰਘ ਦੇ ਹੱਥ ਦਾ ਬਣਾਇਆ ਪ੍ਰਸ਼ਾਦਾ ਹੀ ਕਬੂਲ ਕਰਨ ਲਗ ਪਏ। ਇਸ ਤਰ੍ਹਾਂ ਸਾਰੇ ਅੰਮ੍ਰਿਤਧਾਰੀ ਜ਼ਾਤ ਪਾਤ ਦਾ ਵਿਤਕਰਾ ਮਿਟਾ ਕੇ ਇਕੋ ਜਿਹੇ ਹੋ ਗਏ ਅਤੇ ਉਨ੍ਹਾਂ ਵਲੋਂ ਅਣ-ਅੰਮ੍ਰਿਤਧਾਰੀਆਂ ਨਾਲ ਅਛੂਤਾਂ ਵਰਗਾ ਵਰਤਾਉ ਹੋਣਾ ਸ਼ੁਰੂ ਹੋ ਗਿਆ, ਭਾਵੇਂ ਉਹ ਕਿਤਨੇ ਵੀ ਉਚੀ ਜਾਤੀ ਦੇ ਹੋਣ।

ਭਾਈ ਸਾਹਿਬ ਰਣਧੀਰ ਸਿੰਘ ਦਾ ਜਨਮ ੭ ਜੁਲਾਈ ੧੮੭੮ ਨੂੰ ਸ: ਨੱਥਾ ਸਿੰਘ ਦੇ ਘਰ ਹੋਇਆ ਸੀ। ਸ: ਨੱਥਾ ਸਿੰਘ ਉਸ ਸਮੇਂ ਨਾਭੇ ਦੇ ਜਜ ਸਨ। ਆਪ ਦੇ ਦਾਦਾ ਸ: ਵਸਾਵਾ ਸਿੰਘ ਪਿੰਡ ਨਾਰੰਗਵਾਲ ਵਿਚ ਨੰਬਰਦਾਰ ਸਨ। ਨਾਭੇ ਵਿਚ ਮੈਟਰਿਕ ਪਾਸ ਕਰਨ ਉਪਰੰਤ ਭਾਈ ਸਾਹਿਬ ਗਵਰਨਮੈਂਟ ਕਾਲਜ ਲਾਹੌਰ ਵਿਚ ਦਾਖ਼ਲ ਹੋਏ ਅਤੇ ਫਿਰ ਮਿਸ਼ਨ ਕਾਲਜ ਲਾਹੌਰ ਵਿਚ ਚਲੇ ਗਏ। ੧੯੦੦ ਵਿਚ ਆਪ ਨੇ ਬੀ. ਏ. ਦਾ ਇਮਤਿਹਾਨ ਦਿਤਾ। ਪਿੰਡ ਬਕਾਪੁਰ ਜਦੋਂ ਆਪ ਨੇ ਅੰਮ੍ਰਿਤ ਛਕਿਆ, ਉਸ ਸਮੇਂ ਉਹ ਤਹਿਸੀਲਦਾਰ ਸਨ। ੩੫ ਸਜਣਾਂ ਨੇ ਉਦੋਂ ਅੰਮ੍ਰਿਤ ਛਕਿਆ। ਕਰੀਮ ਬਖਸ਼ ਦਾ ਨਾਮ ਲਖਬੀਰ ਸਿੰਘ, ਉਨ੍ਹਾਂ ਦੇ ਪੁਤਰ ਰੁਕਨਦੀਨ ਉਮਰ ੧੫ ਸਾਲ ਦਾ ਨਾਮ ਮਤਾਬ ਸਿੰਘ, ਦੂਜੇ ਪੁਤਰ ਗੁਲਾਮ ਮੁਹੰਮਦ ਉਮਰ ੬ ਸਾਲ ਦਾ ਨਾਮ ਹਰਨਾਮ ਸਿੰਘ ਰਖਿਆ ਗਿਆ। ਤਹਿਸੀਲਦਾਰ ਬਸੰਤ ਸਿੰਘ ਨਾਰੰਗਵਾਲ ਦਾ ਨਾਮ ਰਣਧੀਰ ਸਿੰਘ ਰਖੇ ਜਾਣ ਦਾ ਐਲਾਨ ਕੀਤਾ ਗਿਆ। ਭਾਈ ਸਾਹਿਬ ਆਪ ਲਿਖਦੇ ਹਨ ਕਿ ਅੰਮ੍ਰਿਤ ਛਕਣ ਨਾਲ ਜੀਵਨ-ਪਲਟਾ ਤਾਂ ਆਇਆ, ਪਰ ਪੂਰੀ ਇਛਾ ਬਰ ਨਾ ਆਈ। ਉਹਨਾਂ ਦੇ ਅਫ਼ਸਰ ਆਪ ਨੂੰ ਵਡਾ ਤਹਿਸੀਲਦਾਰ ਲਗਾਉਣ ਦੀਆਂ ਸਫਾਰਸ਼ਾਂ ਕਰ ਰਹੇ ਸਨ, ਪਰ ਆਪ ਦੇ ਮਨ ਵਿਚ ਹੋਰ ਹੀ ਲਗਨ ਸੀ। ਇਸ ਲਈ ਆਪ ਨੇ ਤਹਿਸੀਲਦਾਰੀ ਛਡ ਦਿਤੀ।

ਅੰਮ੍ਰਿਤ ਛਕਣ ਮਗਰੋਂ ਗੁਰਬਾਣੀ ਦਾ ਕੀਰਤਨ ਹੀ ਆਪ ਦਾ ਮੁਖ ਪ੍ਰੋਗਰਾਮ ਰਿਹਾ। ਜੇਲ੍ਹ ਵਿਚ ਆਪ ਕੀਰਤਨ ਨਾਲ ਆਪਣੇ ਸਾਥੀਆਂ ਨੂੰ ਵੀ ਸਿੱਖੀ ਸਿਦਕ ਨਾਲ ਜੋੜੀ ਰਖਦੇ ਹਨ।

ਜੇਲ੍ਹ ਤੋਂ ਰਿਹਾਈ ਮਗਰੋਂ ਅਕਾਲ ਤਖ਼ਤ ਸਾਹਿਬ ਵਲੋਂ ੧੫ ਸਤੰਬਰ ੧੯੩੧ ਨੂੰ ਆਪ ਨੂੰ ਸਿਰੋਪਾ ਦੀ ਬਖਸ਼ਿਸ਼ ਕੀਤੀ ਗਈ, ਜਿਸ ਵਿਚ ਦਰਜ ਸੀ ਕਿ "ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ ਅਤੇ ਗੁਰੂ



www.AKJ.Org

ਪੰਥ ਦੀ ਉਘੀ ਸੇਵਾ ਲਈ ਪੰਥ ਵਲੋਂ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸ੍ਰੀ ਸਾਹਿਬ ਤੇ ਸਿਰੋਪਾ ਦੀ ਬਖਸ਼ਿਸ਼ ਕੀਤੀ ਜਾਂਦੀ ਹੈ...।'' ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਲੋਂ ਆਪ ਨੂੰ ੨੫ ਮਾਰਚ ੧੯੪੦ ਨੂੰ ਜੋ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ, ਉਸ ਵਿਚ ਦਰਜ ਸੀ ਕਿ "ਆਪ ਨੇ ਖ਼ਾਲਸਾ ਰਹਿਤ ਬਹਿਤ ਅਤੇ ਹੋਰ ਧਾਰਮਕ ਅਸੂਲਾਂ ਬਦਲੇ ਅਕਹਿ ਤੇ ਅਸਹਿ ਕਸ਼ਟ ਪੁਰਾਤਨ ਖਾਲਸਾ ਜੀ ਦੀ ਤਰ੍ਹਾਂ ਅਡੋਲਤਾ ਸਹਿਤ ਸਹਾਰੇ, ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਦੀ ਯਾਤਰਾ ਲਈ ਆਇਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਗਏ ਅਤੇ ਤਖਤ ਸਾਹਿਬ ਦੀ ਹਜ਼ੂਰੀ ਵਿਚ ਅਖੰਡ ਕੀਰਤਨ ਕਰਨ ਪਸ਼ਚਾਤ ਹੁਕਮ ਹੋਇਆ ਕਿ ਆਪ ਜੀ ਦੀ ਘਾਲ ਯਾਤਰਾ ਪ੍ਰਵਾਨ ਹੈ, ਗੁਰੂ ਕਲਗੀਧਰ ਪਿਤਾ ਆਪ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਉਣ ਤੇ ਸਦਾ ਚੜ੍ਹਦੀਆਂ ਕਲਾਂ 'ਚ ਰਖਣ...।''

ਭਾਈ ਸਾਹਿਬ ਦੇ ਸਿਖੀ ਸਿਦਕ, ਪ੍ਰੇਮ ਭਗਤੀ ਅਤੇ ਦੇਸ਼-ਭਗਤੀ ਦੀ ਮਹਾਨ ਮਿਸਾਲ ਬਹੁਤ ਘਟ ਮਿਲ ਸਕਦੀ ਹੈ। ਆਪ ਅਸਲ ਅਰਥਾਂ ਵਿਚ ਸੇਵਾ ਦੇ ਪੁੰਜ, ਕੁਰਬਾਨੀ ਦੇ ਪੁਤਲੇ, ਕੀਰਤਨ ਦੇ ਰਸੀਏ ਅਤੇ ਸਚੇ ਰਾਜ-ਯੋਗੀ ਸਨ। ਆਪ ਦਾ ਮੰਤਵ ਕੋਈ ਦਲ ਬਨਾਉਣਾ ਨਹੀਂ ਸੀ, ਪਰ ਆਪ ਦਾ ਪ੍ਰਭਾਵ ਸਿਖ ਸੰਗਤਾਂ ਤੇ ਅਥਾਹ ਪਿਆ, ਜਿਸ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਗੁਰਬਾਣੀ ਕੀਰਤਨ ਦੇ ਨਾਮ ਰਸੀਏ ਬਣੇ। ਕਈ ਸ਼ਹਿਰਾਂ ਅਤੇ ਪਿੰਡਾਂ ਵਿਚ ਕੀਰਤਨੀ ਜਥੇ ਬਣ ਗਏ ਹਨ, ਜਿਹਨਾਂ ਦਾ ਮੰਤਵ ਕੇਵਲ ਗੁਰਬਾਣੀ-ਕੀਰਤਨ ਹੀ ਹੈ। ਉਹ ਕਿਸੇ ਰਾਜਸੀ ਧੜੇ ਨਾਲ ਸੰਬੰਧ ਨਹੀਂ ਰਖਦੇ, ਉਹਨਾਂ ਦੇ ਦੀਵਾਨਾਂ ਵਿਚ ਕੀਰਤਨ ਹੀ ਪ੍ਰਧਾਨ ਸਮਝਿਆ ਜਾਂਦਾ ਹੈ। ਇਹ ਸਜਣ ਸਿਖੀ ਰਹਿਤ ਨੂੰ ਖ਼ਾਸ ਮਹਾਨਤਾ ਦਿੰਦੇ ਹਨ। ਇਹਨਾਂ ਜਥਿਆਂ ਨੂੰ ਭਾਈ ਸਾਹਿਬ ਰਣਧੀਰ ਸਿੰਘ ਦੇ ਕੀਰਤਨੀ ਜਥੇ ਇਸ ਕਰਕੇ ਕਿਹਾ ਜਾਂਦਾ ਹੈ ਕਿ ਇਹ ਭਾਈ ਸਾਹਿਬ ਰਣਧੀਰ ਸਿੰਘ ਦੇ ਪੂਰਨਿਆਂ ਤੇ ਚਲਦੇ ਗੁਰੂ ਘਰ ਨਾਲ ਅਥਾਹ ਸ਼ਰਧਾ ਰਖਦੇ ਹਨ, ਗੁਰੂ ਘਰ ਦੀ ਨਿੰਦਿਆਂ ਇਹ ਸੁਣ ਨਹੀਂ ਸਕਦੇ ਅਤੇ ਆਸਰਾ ਇਹ ਗੁਰਬਾਣੀ ਦਾ ਅਤੇ ਗੁਰਬਾਣੀ ਦੇ ਕੀਰਤਨ ਦਾ ਹੀ ਰਖਦੇ ਹਨ। ਸਿਖਾਂ ਦੀ ਜਾਂ ਦੇਸ਼ ਦੀ ਹੋਰ ਕਿਸੇ ਰਾਜਸੀ ਪਾਰਟੀ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ। ਦੇਸ਼-ਭਗਤੀ ਅਤੇ ਪੰਥਕ ਪਿਆਰ ਵਿਚ ਇਹ ਬਾਕੀਆਂ 'ਤੋਂ ਅਗੇ ਹੀ ਹਨ, ਪਿਛੇ ਕਿਸੇ ਤੋਂ ਵੀ ਨਹੀਂ।

ਅਜੀਤ ਜਲੰਧਰ, ੯-੧-੮੨

---

# ਪਾਠਕਾਂ ਸੱਜਣਾਂ ਪਾਸ ਬੇਨਤੀਆਂ

**ਪਰਚੇ ਗੁੰਮ**—ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅੱਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿਆਂਗੇ।

**ਚੰਦੇ ਖ਼ਤਮ**--ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕਿਰਪਾ ਕਰਕੇ ਓਦੋਂ ਹੀ ਮਨੀਆਰਡਰ ਕਰਕੇ ਭੇਜੋ ਜੀ। ਜਦੋਂ ਪਰਚਾ ਬੰਦ ਹੋ ਜਾਂਦਾ ਹੈ ਓਦੋਂ ਚੰਦਾ ਜਿਹੜੇ ਸੱਜਣ ਭੇਜਦੇ ਹਨ, ਰਜਿਸਟਰਾਂ ਵਿਚ ਬੜੀ ਕੱਟ ਵਧ ਕਰਨੀ ਪੈਂਦੀ ਹੈ। ਸੋ ਵਕਤ ਸਿਰ ਹੀ ਚੰਦਾ ਭੇਜਣ ਦੀ ਕਿਰਪਾ ਕੀਤੀ ਜਾਵੇ।

**ਨਵੇਂ ਮੈਂਬਰ**--ਪਾਠਕ ਵੀਰੋ, ਬੇਨਤੀ ਹੈ ਕਿ ਜਿਥੇ ਆਪਣੇ ਚੰਦੇ ਮੁਕਣ ਸਾਰ ਤੁਰਤ ਭੇਜੋ ਉਥੇ ਹੰਭਲਾ ਮਾਰੋ ਅਤੇ ਇਕ ਇਕ ਦੋ ਦੋ ਹੋਰ ਨਵੇਂ ਸੱਜਣਾਂ ਨੂੰ ਪ੍ਰੇਰ ਕੇ ਸੂਰੇ ਦੇ ਮੈਂਬਰ ਬਣਾਓ।

**ਚਿੱਟ ਨੰਬਰ**--ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

**ਬੈਂਕ ਚੈੱਕ**—ਚੰਦੇ ਜਾਂ ਹੋਰ ਕੋਈ ਰਕਮ ਮਨੀਆਰਡਰ ਰਾਹੀਂ ਜਾਂ ਅੰਮ੍ਰਿਤਸਰ ਦੇ ਕਿਸੇ ਬੈਂਕ ਦੇ ਡਰਾਫਟ ਰਾਹੀਂ ਹੀ ਭੇਜੋ। ਜੇ ਚੈੱਕ ਭੇਜਣ ਦੀ ਮਜਬੂਰੀ ਹੋਵੇ ਤਾਂ ਅੰਮ੍ਰਿਤਸਰ ਦੇ ਕਿਸੇ ਬੈਂਕ ਦਾ ਲੋਕਲ ਚੈਕ ਨਾ ਹੋਣ ਦੀ ਹਾਲਤ ਵਿਚ ਬੈਂਕ ਕਮਿਸ਼ਨ ਵਾਧੂ ਛੇ ਰੁਪਏ ੬/- ਭੇਜੋ ਜੀ।

ਦਾਸ—ਮੈਨੇਜਰ 'ਸੂਰਾ'



www.AKJ.Org

# ਬੀਰ ਬਾਹਦਰ ਖਾਲਸਾ

[ਵਲੋਂ :—ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ]

ਗੁਰੂ ਗੋਬਿੰਦ ਸਿੰਘ ਜੀ ਨੂੰ ਜਦ ਅਸੀਂ ਖੜਗਧਾਰੀ ਸੈਨਾਪਤਿ ਦੇ ਰੂਪ ਵਿਚ ਦੇਖਦੇ ਹਾਂ ਤੇ ਗੁਰੂ ਦੇ ਤੌਰ ਤੇ ਸਾਰੇ ਸਿਖਾਂ ਨੂੰ ਸ਼ਸਤਰਧਾਰੀ ਬਣਾਉਂਦੇ ਤੱਕਦੇ ਹਾਂ ਤਾਂ ਇਹ ਗੱਲ ਸਪਸ਼ਟ ਭਾਂਤ ਵਿਲੱਖਣ ਦਿਸਦੀ ਹੈ ਕਿ ਉਹਨਾਂ ਇਸ ਤਲਵਾਰ ਦੀ ਵਰਤੋਂ ਕਿਸੇ ਨੂੰ ਦਬਾਉਣ ਲਈ ਜਾਂ ਮੁਲਕਗੀਰੀ ਲਈ ਨਹੀਂ ਕੀਤੀ। ਕਿਸੇ ਸ਼ਤਰੂ ਉਤੇ ਵੀ ਆਪ ਧਾਵਾ ਨਹੀਂ ਕੀਤਾ, ਸਾਰੀ ਉਮਰ ਸ੍ਵੈ- ਰੱਖਿਆ ਦੀ ਜੰਗ ਹੀ ਲੜੀ।

ਆਪਣੇ ਸੰਤ ਸਿਪਾਹੀਆਂ ਨੂੰ ਲੜ ਮਰਨ ਦਾ ਪਾਠ ਪੜ੍ਹਾਉਂਦਿਆਂ ਇਹੋ ਸਮਝਾਇਆ ਕਿ ਨੇਕੀ ਖ਼ਾਤਰ ਧਰਮ-ਯੁੱਧ ਕਰਨਾ ਜੀਵਨ ਦਾ ਪਰਮ ਕਰਤੱਵ ਹੈ—

ਧੰਨ ਜੀਉ ਤਿਹ ਕੋ ਜਗ ਮਹਿ, ਮੁਖ ਤੇ ਹਰਿ, ਚਿਤ ਮਹਿ ਜੁਧ ਬੀਚਾਰੈ ॥
ਦੇਹ ਅਨਿਤ ਨ ਨਿਤ ਰਹੈ, ਜਸ ਨਾਵ ਚੜ੍ਹੇ ਭਵ ਸਾਗਰ ਤਾਰੈ ॥

ਪਰਮੇਸ਼ਰ ਤੋਂ ਪ੍ਰਾਰਥਨਾ ਕਰ ਕੇ ਵੀ ਇਹੋ ਵਰ ਮੰਗਿਆ ਹੈ ਕਿ ਨੇਕੀ ਲਈ ਲੜਨੋਂ ਕਦੀ ਝਿਜਕੀਏ ਨਾ, ਤੇ ਏਸ ਖ਼ਾਤਰ ਖ਼ੂਨ ਦਾ ਆਖ਼ਰੀ ਕਤਰਾ ਵਹਾਉਣੋਂ ਸੰਕੋਚ ਨ ਕਰੀਏ—

ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤਊ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਮਾਇ, ਕ੍ਰਿਪਾ ਕਰ ਸਿਆਮ ਇਹੈ ਬਰ ਦੀਜੈ ॥

ਇਹ ਹੈ ਸਤਿਗੁਰਾਂ ਦੇ ਸ਼ਸਤਰ ਧਾਰਨ ਦਾ ਪ੍ਰਯੋਜਨ ਤੇ ਧਰਮ-ਯੁੱਧ ਕਰਨ ਦਾ ਪਵਿਤਰ ਉਦੇਸ਼। ਇਸ ਨੇ ਪੰਜਾਬ ਦੇ ਸਮਾਜ ਨੂੰ ਬਦਲਿਆ, ਰਾਜ ਨੂੰ ਬਦਲਿਆ ਤੇ ਲੋਕਾਂ ਦੇ ਦਿਲੋਂ-ਦਿਮਾਗ ਨੂੰ ਬਦਲਿਆ, ਜਿਸ ਕਰਕੇ ਸੂਰਮਗਤੀ ਪੰਜਾਬੀ ਜੀਵਨ ਦਾ ਅੰਗ ਬਣ ਗਈ।

... ... ... ... ...

ਪੰਜਾਬ ਪੋਰਸ ਤੇ ਨਲੂਏ ਜੈਸੇ ਬਹਾਦਰ ਅਣਖੀਲੇ ਜੋਧਿਆਂ ਦਾ ਦੇਸ ਹੈ, ਜੋ ਸਿਕੰਦਰ ਤੇ ਅਬਦਾਲੀ ਵਰਗੇ ਮਹਾਨ ਏਸ਼ਿਆਈ ਵਿਜਈਆਂ ਦਾ ਮੂੰਹ ਭੁਆਉਂਦੇ ਰਹੇ ਹਨ। ਇਨ੍ਹਾਂ ਦੀ ਸ਼ਕਤੀ ਦਾ ਲੋਹਾ ਪੁਰਾਣੀ ਤੇ ਨਵੀਂ ਦੁਨੀਆ ਨੇ ਬਰ ਬਰ ਮੰਨਿਆ ਹੈ। ਇਸ ਬੀਰ-ਪਰੰਪਰਾ ਦਾ ਇਕ ਕਾਰਨ ਇਤਿਹਾਸਕ ਵੀ ਹੈ। ਭੂਗੋਲਕ ਦ੍ਰਿਸ਼ਟੀ ਤੋਂ ਪੰਜਾਬ ਭਾਰਤ ਦੇ ਉਤਰ-ਪਛਮੀ ਦੱਰਿਆਂ—ਖ਼ੈਬਰ, ਬੋਲਾਨ ਆਦਿ ਦੇ ਨਾਲ ਲਗਦਾ ਪਹਿਲਾ ਪ੍ਰਾਂਤ ਹੈ। ਜੋ ਵੀ ਮੱਧ ਏਸ਼ੀਆ ਵਲੋਂ ਅਨ੍ਹੇਰੀ ਉਠੀ, ਜੋ ਵੀ ਹਮਲਾਵਰ ਇਸ ਪਾਸਿਓਂ ਹੱਲਾ ਕਰਨ ਲਈ ਅਗੇ ਵਧਿਆ, ਸਭ ਤੋਂ ਪਹਿਲਾਂ ਉਸ ਨਾਲ ਪੰਜਾਬੀਆਂ ਨੂੰ ਹੀ ਦੋ ਚਾਰ ਹੋਣਾ ਪਿਆ। ਸੋ ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ, ਇਕ ਇਤਿਹਾਸਕ ਸਚਾਈ ਦੀ ਗੱਲ ਹੈ ਤੇ ਇਸ ਨੇ ਪੰਜਬੀ ਜੀਵਨ ਨੂੰ ਕੁਦਰਤੀ ਤੌਰ ਤੇ ਬਲਵਾਨ, ਅਡੋਲ, ਦ੍ਰਿੜ੍ਹ, ਸਾਹਸੀ ਤੇ ਬੀਰਤਾ-ਪੂਰਨ ਬਣਾ ਦਿਤਾ ਹੈ।

ਜਦ ਸੱਤ ਅੱਠ ਸੌ ਵਰ੍ਹੇ ਦੀ ਗੁਲਾਮੀ ਦੇ ਭੰਨੇ ਮਜ਼ਲੂਮ ਹਿੰਦੁਸਤਾਨੀਆਂ ਅੰਦਰ ਸਿਖ ਗੁਰੂ ਸਾਹਿਬਾਨ ਨੇ ਬੀਰਤਾ ਦੀ ਲਹਿਰ ਜਗਾਈ ਤਾਂ ਪੰਜਾਬੀਆਂ ਦੀਆਂ ਮੁੜ ਸੁੱਤੀਆਂ ਕਲਾਂ ਜਾਗ ਉਠੀਆਂ, ਗਊਆਂ ਦੇ ਵੱਗ ਸ਼ੇਰਾਂ ਦੇ ਝੁੰਡ ਬਣ ਗਏ ਤੇ ਚਿੜੀਆਂ ਨੇ ਬਾਜ਼ਾਂ ਨਾਲ ਆਢਾ ਲਾਇਆ। ਗੁਰੂ ਨਾਨਕ ਇਹੋ ਚਾਹੁੰਦੇ ਸਨ ਕਿ ਜੇ ਬਹਾਦਰ ਨਾਲ ਬਹਾਦਰ ਟੱਕਰੇ ਤਾਂ ਕੋਈ ਹਰਜੇ ਵਾਲੀ ਗੱਲ ਨਹੀਂ—

ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ ॥ [ਆਸਾ, ੩੬੦

ਭਗਤੀ ਲਹਿਰ ਤੋਂ ਸਿਖੀ ਨੂੰ ਨਿਆਰਾ ਕਰਨ ਵਾਲੀ ਚੀਜ਼ 'ਸੰਗਤ' ਯਾ ਜਥੇਬੰਦੀ ਸੀ ਤੇ ਇਸ ਜਥੇਬੰਦੀ ਦੇ ਹੱਥ ਛੋਵੇਂ ਗੁਰਾਂ ਦੀ ਦਿਤੀ ਤਲਵਾਰ ਸੂਰਮਗਤੀ ਦਾ ਚਿੰਨ੍ਹ ਸੀ। ਜਾਬਰ ਗਰੀਬਾਂ ਤੋਂ ਦੇਗ ਖੋਹ



www.AKJ.Org

ਲਿਜਾਂਦੇ ਸਨ, ਸਤਿਗੁਰਾਂ ਇਸ ਦੀ ਰਾਖੀ ਲਈ ਤੇਗ ਫੜਾਈ ਤੇ ਆਖਿਆ—

ਦੇਗ ਤੇਗ ਜਗ ਮਹਿ ਦੋਊ ਚਲੈ ॥ ਰਾਖ ਆਪਿ ਮੋਹਿ ਅਵਰ ਨ ਦਲੈ । [ਪਾ: ੧੦

ਇਸੇ ਬੀਰਤਾ ਦੀ ਲਹਿਰ ਵਿਚ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ, ਭਾ: ਬੋਤਾ ਸਿੰਘ, ਭਾ: ਮਹਿਤਾਬ ਸਿੰਘ, ਬਾਬਾ ਆਲਾ ਸਿੰਘ, ਸ: ਹਰੀ ਸਿੰਘ ਭੰਗੀ, ਸ: ਚੜ੍ਹਤ ਸਿੰਘ ਸ਼ੁਕਰਚੱਕੀਆ, ਸ: ਬਘੇਲ ਸਿੰਘ, ਸ: ਅਮਰ ਸਿੰਘ, ਮਹਾਰਾਜਾ ਰਣਜੀਤ ਸਿੰਘ, ਸ: ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸ: ਸ਼ਾਮ ਸਿੰਘ ਅਟਾਰੀ ਵਰਗੇ ਦੂਲੇ ਸੰਤ ਸਿਪਾਹੀ ਹੋਏ, ਜਿਨ੍ਹਾਂ ਆਪਣੀਆਂ ਭੁਜਾ ਤੇ ਬਲ ਨਾਲ ਭਾਰਤ ਦੇ ਸਵੈਮਾਨ ਦੀ ਰੱਖਿਆ ਕੀਤੀ, ਇਸ ਦੀ ਸਭਿਅਤਾ ਨੂੰ ਬਚਾਇਆ ਤੇ ਸੂਰਮਗਤੀ ਦਿਖਾ ਕੇ ਕੌਮ ਦੇ ਨਾਂ ਨੂੰ ਚਾਰ ਚੰਨ ਲਾਏ।

ਢਾਈ ਸੌ ਵਰ੍ਹੇ ਸ਼ਹੀਦੀਆਂ ਦੀ ਝੜੀ ਲੱਗੀ ਵੇਖ ਕੇ, ਪੰਜਾਬੀ ਬੀਰਤਾ ਦਾ ਜਸ ਗਾਉਂਦਿਆਂ, ਮੁੜ ਇਹੋ ਗੱਲ ਇਕ ਮੁਸਲਮ ਕਵੀ ਸ਼ਾਹ ਮੁਹੰਮਦ ਨੇ ਜ਼ੋਰ ਨਾਲ ਦੁਹਰਾਈ—

ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ ।

ਇਕ ਗੱਲ ਹੋਰ ਵੀ ਪੱਕੀ ਕੀਤੀ ਗਈ ਕਿ ਤਲਵਾਰ ਹੀ ਨਹੀਂ, ਸੂਰਮੇ ਨੂੰ ਰੱਬੀ ਪਿਆਰ ਤੇ ਮਨੁੱਖੀ ਸਤਿਕਾਰ ਦਾ ਸਬਕ ਵੀ ਚੰਗੀ ਤਰ੍ਹਾਂ ਕੰਠ ਹੋਣਾ ਚਾਹੀਦਾ ਹੈ। ਕਾਰਨ ਇਹ ਸੀ ਕਿ ਪਹਿਲੇ ਜੋ ਤਲਵਾਰੀਏ ਹਿੰਦ ਤੇ ਚੜ੍ਹ ਕੇ ਆਏ, ਉਨ੍ਹਾਂ ਨਿਮਾਣੀ ਖ਼ਲਕਤ ਨੂੰ ਕਤਲ ਕਰਕੇ 'ਗਾਜ਼ੀ' ਹੋਣ ਦਾ ਦਾਅਵਾ ਕੀਤਾ, ਸਤਿਗੁਰਾਂ ਨੂੰ ਇਹ ਗੱਲ ਨਹੀਂ ਸੀ ਭਾਉਂਦੀ, ਇਸ ਲਈ ਉਨ੍ਹਾਂ ਨੇ ਸਾਡੀ ਬੀਰਤਾ ਨੂੰ ਰੱਬੀ ਪਿਆਰ ਤੇ ਆਤਮ-ਸੰਜਮ ਦੇ ਰੰਗ ਵਿਚ ਰੰਗਿਆ—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥<br>
ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥ (੬੭੦)

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸੂਰਮੇ ਦੀ ਇਹ ਤਾਰੀਫ਼ ਕੀਤੀ ਗਈ ਹੈ ਕਿ ਜੋ ਧਰਮ ਲਈ, ਨੇਕੀ ਲਈ ਲੜਦਾ ਹੈ, ਟੁਕੜੇ ਟੁਕੜੇ ਤਾਂ ਬੇਸ਼ਕ ਹੋ ਜਾਵੇ, ਪਰ ਕਦੀ ਪਿਛਾਂਹ ਨਹੀਂ ਪਰਤਦਾ। ਜਦ ਨਗਾਰੇ ਤੇ ਚੋਟ ਪੈ ਜਾਵੇ ਤਾਂ ਸੱਚਾ ਸੂਰਮਾ ਬਾਬਾ ਦੀਪ ਸਿੰਘ ਜੀ ਵਾਂਗ ਸਿਰ ਹਥੇਲੀ ਤੇ ਰੱਖ ਕੇ ਅਗੇ ਵਧਦਾ ਤੇ ਮਰਦਾਨਾਵਾਰ ਜੂਝਦਾ ਸ਼ਹਾਦਤ ਦਾ ਜਾਮ ਪੀਂਦਾ ਹੈ—

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਓ ॥<br>
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥<br>
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥<br>
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥ [ਕਬੀਰ, ੧੧੦੫

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰ ਲਾਲ ਤੇ ਹੋਰ ਪਰਿਵਾਰ ਵਾਰ ਕੇ ਬੀਰ ਸਿਪਾਹੀਆਂ ਲਈ ਜੀਵਨ ਦਾ ਇਕ ਆਦਰਸ਼ ਕਾਇਮ ਕਰ ਦਿਤਾ ਅਤੇ ਸਮਝਾਇਆ ਕਿ ਸੱਚਾ ਸੂਰਮਾ ਹੋਰ ਕਿਸੇ ਚੀਜ਼ ਦੀ ਆਸ ਨਾ ਰਖ ਕੇ ਕੇਵਲ ਆਪਣੇ ਪ੍ਰਭੂ ਤੋਂ ਇਹੋ ਮੰਗ ਕਰੇ ਕਿ ਉਹ ਧਰਮ ਲਈ ਹੋ ਰਹੇ ਸੰਗ੍ਰਾਮ ਵਿਚ ਅਹੂਤੀ ਸਹਿਜੇ ਹੀ ਦੇ ਸਕੇ—

ਦੇਹਿ ਸਿਵਾ! ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ।<br>
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ।<br>
ਅਰ ਸਿਖਹੋਂ ਅਪਨੇ ਹੀ ਮਨ ਕਉ, ਇਹ ਲਾਲਚ ਹੈ ਗੁਣ ਤਉ ਉਚਰੋਂ ।<br>
ਜਬ ਆਵ ਕੀ ਅਉਧ ਨਿਧਾਨ ਬਨੈ, ਅਤਿ ਹੀ ਰਣ ਮਹਿ ਤਬ ਜੂਝ ਮਰੋਂ ।

ਇਹੋ ਕਾਰਨ ਹੈ ਕਿ ਅਜਿਹੀਆਂ ਸੁੰਦਰ ਤੇ ਉਸਾਰੂ ਰਵਾਇਤਾਂ ਦੇ ਧਾਰਨੀ ਸੂਰਮੇ ਦਾ ਦਰਜਾ ਮਹਾਨ



www.AKJ.Org

ਸੰਤਾ ਤੇ ਮਹਾਨ ਦਾਨੀਆਂ ਦੇ ਬਰਾਬਰ ਮੰਨਿਆ ਗਿਆ ਹੈ । ਇਹ ਇਕ ਇਤਿਹਾਸਕ ਹਕੀਕਤ ਹੈ ਕਿ ਉਹੋ ਲੋਕ ਜੀਊਣ ਦਾ ਅਧਿਕਾਰ ਰਖਦੇ ਹਨ ਜੋ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਵਧਾਉਣ ਵਿਚ ਹਿੱਸਾ ਪਾਉਣ, ਚਾਹੇ ਰੱਬੀ ਭਗਤੀ ਕਰਕੇ ਚਾਹੇ ਲੋਕ-ਭਲਾਈ ਲਈ ਜਾਨ ਵਾਰ ਕੇ–

ਜਨਨੀ ਜਨੇ ਤੋ ਭਗਤ ਜਨ ਕੈ ਦਾਤਾ ਕੈ ਸੂਰ । ਨਾਹਿ ਤ ਜਨਨੀ ਬਾਂਝ ਰਹਿ, ਕਾਹਿ ਗਵਾਵਹਿ ਨੂਰ ।

ਇਹਨਾਂ ਸੱਚੇ ਆਦਰਸ਼ਾਂ ਦੇ ਗੂੜ੍ਹੇ ਰੰਗ ਵਿਚ ਰੱਤੇ ਬਹਾਦਰਾਂ ਨੇ ਸੈਂਕੜੇ ਵਰ੍ਹੇ ਘੋਲ ਵਿਚ ਲਾਏ, ਪਰ ਕਦੀ ਕਮਜ਼ੋਰੀ ਦਿਖਾ ਕੇ ਪਿੱਠ ਨਾ ਮੋੜੀ । ਬਾਬਾ ਬੰਦਾ ਸਿੰਘ ਦੀ ਸ਼ਹੀਦੀ ਸਮੇਂ ਦਿੱਲੀ ਵਿਚ ਸੈਂਕੜੇ ਸਿੰਘਾਂ ਨੂੰ ਕਤਲ ਕਰ ਦਿੱਤਾ ਗਿਆ । ਇਸ ਸੂਰਬੀਰਾਂ ਦੀ ਫ਼ੌਜ ਵਿਚ ਇਕ ਛੋਟੀ ਉਮਰ ਦਾ ਭੁਝੰਗੀ ਵੀ ਸੀ । ਮਮਤਾ ਦੀ ਮਾਰੀ ਉਸ ਦੀ ਮਾਂ ਆ ਕੇ ਕਹਿਣ ਲੱਗੀ ਕਿ ਮੇਰਾ ਮੁੰਡਾ ਬਾਗ਼ੀ ਸਿੱਖਾਂ ਵਿਚੋਂ ਨਹੀਂ, ਗ਼ਲਤੀ ਨਾਲ ਫੜ ਕੇ ਲਿਆਂਦਾ ਗਿਆ ਹੈ । ਸ਼ਾਹੀ ਹੁਕਮ ਹੋਇਆ ਕਿ ਇਸ ਨੂੰ ਛੱਡ ਦਿਓ । ਮਗਰ ਭੁਝੰਗੀ ਦਾ ਜਵਾਬ ਸੀ, 'ਮੇਰੀ ਮਾਂ ਝੂਠ ਬੋਲ ਰਹੀ ਹੈ, ਮੈਂ ਦਿਲੋਂ ਮਨੋਂ ਸਿਖ ਹਾਂ, ਮੈਨੂੰ ਛੇਤੀ ਸ਼ਹਾਦਤ ਦਾ ਜਾਮ ਪਿਆਇਆ ਜਾਵੇ ।'

ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ, ਭਾਈ ਸ਼ਹਿਬਾਜ਼ ਸਿੰਘ ਤੇ ਹਕੀਕਤ ਰਾਇ ਧਰਮੀ ਨੇ ਬਹਾਦਰਾਂ ਵਾਂਙ ਹੱਸ ਹੱਸ ਕੇ ਜਾਨਾਂ ਦਿਤੀਆਂ, ਪਰ ਮੁਖੜਾ ਨਾ ਮੋੜਿਆ । ਉਸ ਸਮੇਂ ਸਿੰਘਾਂ ਦਾ ਪਿਆਰਾ ਗੀਤ ਸੀ :–

ਮੰਨੂ ਅਸਾਡੀ ਦਾਤ੍ਰੀ, ਅਸੀਂ ਮੰਨੂ ਦੇ ਸੋਏ । ਜਿਉਂ ਜਿਉਂ ਮੰਨੂ ਸਾਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ ।

**ਸ਼ਾਨਦਾਰ ਆਚਰਣ–**

ਇਹ ਸ਼ਾਂਤਮਈ ਸੂਰਮਿਆਂ ਦਾ ਜੀਵਨ ਸੀ । ਜਦ ਸ਼ਸਤ੍ਰਧਾਰੀ ਹੋ ਕੇ ਇਹੋ ਸੂਰਮੇ ਮੈਦਾਨ ਵਿਚ ਨਿਤਰੇ ਤਾਂ ਭਾਈ ਬੋਤਾ ਸਿੰਘ ਵਾਂਙ ਇਕੱਲੇ ਹੀ ਸੈਂਕੜਿਆਂ ਨਾਲ ਲੜਦੇ ਸ਼ਹੀਦੀਆਂ ਪਾ ਗਏ । ਘਲੂਘਾਰਿਆਂ ਵਿਚ ਜਾਂ ਹੋਰ ਲੜਾਈਆਂ ਵਿਚ ਪੰਜਾਬੀ ਸੂਰਬੀਰਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਜੰਗਾਂ ਲੜਨੀਆਂ ਪਈਆਂ, ਪਰ ਕਦੇ ਕਿਸੇ ਨੇ ਪਿੱਠ ਨੇ ਦਿਖਾਈ, ਸਗੋਂ ਤਲਵਾਰੀ ਚਮਤਕਾਰਾਂ ਦੇ ਨਾਲ ਨਾਲ ਆਪਣੀ ਉੱਚੀ ਇਨਸਾਨੀਅਤ ਦੇ ਵੀ ਚਮਤਕਾਰ ਦਿਖਾਏ । ਕਾਜ਼ੀ ਨੂਰ ਮੁਹੰਮਦ ਜੋ ੧੭੬੪ ਈ: ਵਿਚ ਅਹਿਮਦ ਸ਼ਾਹ ਦੁਰਾਨੀ ਦੇ ਸੱਤਵੇਂ ਹੱਲੇ ਸਮੇਂ ਨਾਲ ਆਇਆ, ਉਹ ਸਿੰਘ ਬਹਾਦਰਾਂ ਦੇ ਕਾਰਨਾਮੇ ਅੱਖੀਂ ਵੇਖ ਕੇ, ਵੈਰੀ ਹੋਣ ਦੇ ਬਾਵਜੂਦ ਪ੍ਰਸੰਸਾ ਕਰਨੋਂ ਨਹੀਂ ਰੁਕਦਾ । ਉਹ ਪਹਿਲੇ ਭਾਵੇਂ ਬੁਰਾ ਭਲਾ ਵੀ ਕਹਿੰਦਾ ਹੈ, ਪਰ ਫਿਰ ਲਿਖਦਾ ਹੈ:–

"ਸਿੰਘਾਂ ਨੂੰ ਸਗ (ਕੁੱਤੇ) ਨ ਆਖ, ਉਹ ਸ਼ੇਰ ਹਨ, ਉਹ ਮਰਦਾਂ ਦੇ ਮਰਦ ਸ਼ੇਰਾਂ ਵਾਂਗ ਦਲੇ ਰਹਨ। ਭਲਾ ਕੋਈ ਰਣ ਦਾ ਸੂਰਮਾ, ਜੋ ਲੜਾਈ ਵਿਚ ਸ਼ੀਂਹ ਵਾਂਗ ਬੁੱਕੇ, ਕਦੇ ਸਗ (ਕੁੱਤਾ) ਹੋ ਸਕਦਾ ਹੈ ! ਜੇ ਤੈਨੂੰ ਲੜਾਈ ਦਾ ਕਸਬ ਸਿਖਣ ਦੀ ਚਾਹ ਹੈ ਤਾਂ ਰਣਭੂਮੀ ਵਿਚ ਇਹਨਾਂ ਦੇ ਸਾਮ੍ਹਣੇ ਹੋ । ਉਹ ਤੈਨੂੰ ਜੰਗ ਦੇ ਐਸੇ ਐਸੇ ਢੰਗ ਸਿਖਾਉਣਗੇ ਕਿ ਸਾਰੇ ਵਾਹ ਵਾਹ ਕਰਨ । ਜੇ ਤੈਨੂੰ ਜੰਗੀ ਹੁਨਰ ਸਿੱਖਣ ਦੀ ਚਾਹ ਹੈ ਤਾਂ ਇਹਨਾਂ ਪਾਸੋਂ ਸਿਖ ਕਿ ਕਿਸ ਤਰ੍ਹਾਂ ਮਰਦਾਂ ਵਾਂਗ ਵੈਰੀ ਦੇ ਸਾਮ੍ਹਣੇ ਜੂਝਣਾ ਚਾਹੀਦਾ ਹੈ ਅਤੇ ਕਿਸ ਤਰ੍ਹਾਂ ਲੜਾਈ ਵਿਚੋਂ ਆਪਣੇ ਆਪ ਨੂੰ ਬਚਾ ਲਿਜਾਣਾ ਚਾਹੀਦਾ ਹੈ ।

"ਜਦ ਇਹ ਹੱਥ ਵਿਚ ਤਲਵਾਰ ਫੜਦੇ ਹਨ ਤਾਂ ਸਿੰਧ ਤਕ ਮਾਰੋ ਮਾਰ ਕਰਦੇ ਚਲੇ ਜਾਂਦੇ ਹਨ । ਕੋਈ ਆਦਮੀ ਇਹਨਾਂ ਦੇ ਸਾਹਮਣੇ ਅੜ ਨਹੀਂ ਸਕਦਾ, ਭਾਵੇਂ ਉਹ ਕਿੱਡਾ ਹੀ ਜਰਵਾਣਾ ਕਿਉਂ ਨ ਹੋਵੇ । ਜਦ ਇਹ ਹੱਥ ਵਿਚ ਨੇਜ਼ਾ ਫੜਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਂਜ ਪਾ ਦਿੰਦੇ ਹਨ । ਜਦ ਇਹ ਨੇਜ਼ੇ ਦੀ ਅਣੀ ਉਤਾਂਹ ਚੁਕਦੇ ਹਨ ਤਾਂ ਅਗੇ ਭਾਵੇਂ ਕੋਹ-ਕਾਫ਼ ਹੋਵੇ, ਉਸ ਨੂੰ ਵੀ ਲੀਰਾਂ ਲੀਰਾਂ ਕਰ ਦਿੰਦੇ ਹਨ । ਜਦ ਇਹ ਕਮਾਨ ਦਾ ਚਿੱਲਾ ਚਾੜ੍ਹਦੇ ਹਨ ਤਾਂ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰਖਦੇ ਤੇ ਫੇਰ ਚਿੱਲੇ ਨੂੰ ਖਿੱਚ ਕੇ ਕੰਨ ਤੀਕ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਕੰਬਣ ਲਗ ਜਾਂਦਾ ਹੈ ।



www.AKJ.Org

"ਲੜਾਈ ਦੇ ਸਮੇਂ ਜਦ ਇਹ ਬੰਦੂਕ ਫੜਦੇ ਹਨ ਤਾਂ ਸ਼ੇਰਾਂ ਵਾਂਗ ਬੁੱਕਦੇ ਤੇ ਪੈਲਾਂ ਪਾਉਂਦੇ ਰਣਭੂਮੀ ਵਿਚ ਆਉਂਦੇ ਹਨ। ਆਉਂਦੇ ਹੀ ਕਈਆਂ ਦੇ ਸੀਨੇ ਚੀਰ ਘੱਤਦੇ ਤੇ ਕਈਆਂ ਦਾ ਲਹੂ ਮਿੱਟੀ ਵਿਚ ਮਿਲਾਉਂਦੇ ਹਨ। ਇਉਂ ਸਮਝੋ ਕਿ ਪਿਛਲੇ ਸਮੇਂ ਬੰਦੂਕ ਕਿਤੇ ਇਨ੍ਹਾਂ ਨੇ ਹੀ ਬਣਾਈ ਹੋਵੇਗੀ, ਲੁਕਮਾਨ ਨੇ ਨਹੀਂ। ਬੰਦੂਕਾਂ ਤਾਂ ਹਰ ਇਕ ਪਾਸ ਬਥੇਰੀਆਂ ਹਨ, ਪਰ ਇਹਨਾਂ ਨਾਲੋਂ ਵਧ ਕੇ ਇਸ ਦਾ ਕਾਰੀਗਰ ਕੋਈ ਨਹੀਂ। ਇਹ ਸੱਜੇ ਖੱਬੇ, ਅੱਗੇ ਪਿੱਛੇ ਲਗਾਤਾਰ ਗੋਲੀਆਂ ਦਾਗੀ ਜਾਂਦੇ ਹਨ। ਜੇਕਰ ਮੇਰੀ ਗੱਲ ਦਾ ਨਿਸਚਾ ਨਹੀਂ ਤਾਂ ਲੜਾਈ ਕਰਨ ਵਾਲਿਆਂ ਪਾਸੋਂ ਪੁੱਛ ਵੇਖ। ਉਹ ਤੈਨੂੰ ਮੈਥੋਂ ਵੀ ਵਧ ਦਸਣਗੇ ਤੇ ਇਨ੍ਹਾਂ ਦੇ ਜੰਗੀ ਕਸਬ ਨੂੰ ਸਲਾਹੁਣਗੇ। ਮੇਰੀ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਸੂਰਮੇ ਹਨ, ਜੋ ਲੜਾਈ ਵਿਚ ਇਨ੍ਹਾਂ ਨਾਲ ਟਾਕਰਾ ਲੈ ਚੁਕੇ ਹਨ।

"ਲੜਾਈ ਤੋਂ ਵਧ ਕੇ ਇਨ੍ਹਾਂ ਦੀ ਇਕ ਹੋਰ ਗੱਲ ਵੀ ਸੁਣ, ਜਿਸ ਵਿਚ ਇਹ ਬਾਕੀ ਜੰਗਜੂ ਲੋਕਾਂ ਨਾਲੋਂ ਬਹੁਤ ਅਗੇ ਵਧੇ ਹੋਏ ਹਨ। ਇਹ ਕਾਇਰ ਨੂੰ, ਜੋ ਲੜਾਈ ਵਿਚ ਹਥਿਆਰ ਰਖ ਦੇਵੇ, ਕਦੀ ਵੀ ਨਹੀਂ ਮਾਰਦੇ ਤੇ ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਇਹ ਨ ਕਿਸੇ ਤ੍ਰੀਮਤ ਦਾ ਗਹਿਣਾ ਰੁਪਈਆ ਲੁਟਦੇ ਹਨ, ਭਾਵੇਂ ਉਹ ਵੱਡੀ ਸੁਆਣੀ ਹੋਵੇ ਭਾਵੇਂ ਮਾਮੂਲੀ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨ ਹੀ ਇਹ ਚੋਰੀ ਕਰਦੇ ਹਨ।* ਤ੍ਰੀਮਤ ਭਾਵੇਂ ਜੁਆਨ ਹੋਵੇ ਭਾਵੇਂ ਬਿਰਧ, ਇਹ ਉਹ ਨੂੰ 'ਬੁੱਢੀ' ਹੀ ਆਖਦੇ ਹਨ। ਹਿੰਦਕੀ ਵਿਚ 'ਬੁੱਢੀ' ਸ਼ਬਦ ਦੇ ਅਰਥ ਹਨ–ਵੱਡੀ ਉਮਰ ਵਾਲੀ ਤ੍ਰੀਮਤ। ਇਹ ਨ ਹੀ ਆਪ ਚੋਰੀ ਕਰਦੇ ਹਨ ਤੇ ਨ ਹੀ ਚੋਰਾਂ ਨੂੰ ਆਪਣਾ ਯਾਰ ਬਣਾਉਂਦੇ ਹਨ।"

'ਤ੍ਵਾਰੀਖ਼ੇ ਪੰਜਾਬ' ਵਿਚ ਬੂਟੇਸ਼ਾਹ ਨੇ ਵੀ ਇਹ ਗੱਲ ਦੁਹਰਾਈ ਹੈ, "ਜੇ ਕਿਧਰੇ ਸਿਖ ਕਿਸੇ ਕਾਫ਼ਲੇ ਉਤੇ ਹੱਲਾ ਬੋਲਦੇ ਤਾਂ ਉਹ ਮਰਦ ਦੇ ਸਿਰੋਂ ਪਗੜੀ ਉਕਾ ਹੀ ਨਹੀਂ ਸੀ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਗੱਟਿਆਂ ਜਾਂ ਕੱਪੜਿਆਂ ਲੱਤਿਆਂ ਨੂੰ ਹੱਥ ਪਾਉਂਦੇ ਸਨ।"

ਪੰਜਾਬ ਦੇ ਅਜਿਹੇ ਸੁੱਚੇ ਬੀਰ ਸੈਨਕਾਂ ਦੀ ਸਿਫ਼ਤ ਕਰਦਿਆਂ ਇਕ ਵਾਰ ਹਿੰਦੁਸਤਾਨੀ ਫ਼ੌਜਾਂ ਦੇ ਅੰਗਰੇਜ਼ ਕਮਾਂਡਰ-ਇਨ-ਚੀਫ਼ ਜਰਨਲ ਬਰਡ-ਵੁਡ ਨੇ ਕੌਂਸਲ ਵਿਚ ਭਾਸ਼ਨ ਦਿੰਦਿਆਂ ਕਿਹਾ ਸੀ, "ਮੈਨੂੰ ਆਪਣੀ ਪਤਨੀ ਤੇ ਲੜਕੀ ਨੂੰ ਇਕ ਸਿੰਘ ਸਿਪਾਹੀ ਦੀ ਹਿਫ਼ਾਜ਼ਤ ਵਿਚ ਰਖਦਿਆਂ ਕੋਈ ਝਿਜਕ ਨਹੀਂ ਹੁੰਦੀ, ਕਿਉਂਕਿ ਮੈਂ ਸਮਝਦਾ ਹਾਂ ਕਿ ਇਕ ਸਿੱਖ ਸਿਪਾਹੀ ਦੀ ਮੌਜੂਦਗੀ ਵਿਚ ਉਹ ਬਿਲਕੁਲ ਸੁਰੱਖਿਅਤ ਹਨ।"

ਅਜਿਹੇ ਸੂਰਬੀਰ ਸਿੰਘਾਂ ਨੇ ਪੰਜਾਬ ਲਈ 'ਬੀਰ ਭੂਮੀ' ਜਾਂ 'ਸੂਰਮਿਆਂ ਦਾ ਦੇਸ਼' ਆਖੇ ਜਾਣ ਦਾ ਮਾਣ ਜਿਤਿਆ। ਉਨ੍ਹਾਂ ਦਾ ਫ਼ਖ਼ਰ ਜਾਇਜ਼ ਸੀ ਕਿ ਉਨ੍ਹਾਂ ਹਜ਼ਾਰਾਂ ਵਰ੍ਹਿਆਂ ਤੋਂ ਵਹਿੰਦੇ ਬਿਦੇਸ਼ੀ ਜਰਵਾਣਿਆਂ ਦੇ ਹੜ੍ਹ ਨੂੰ ਠੱਲ੍ਹ ਪਾਈ ਅਤੇ ਆਪਣੀ ਸੂਰਬੀਰਤਾ ਨਾਲ ਭਾਰਤੀ ਸਰਹੱਦ ਦੀ ਰਾਖੀ ਕੀਤੀ ਤੇ ਦੇਸ਼ ਸੁਤੰਤਰ ਕੀਤਾ।

## ਸੰਤ ਬਾਬਾ ਸੇਵਾ ਸਿੰਘ ਜੀ ਅਕਾਲ ਚਲਾਣਾ ਕਰ ਗਏ

ਸੰਤ ਬਾਬਾ ਸੇਵਾ ਸਿੰਘ ਜੀ, ਜਿਨ੍ਹਾਂ ਸ੍ਰੀ ਅਨੰਦਗੜ੍ਹ, ਅਨੰਦਪੁਰ ਸਾਹਿਬ ਦੀ ਨਵੀਂ ਉਸਾਰੀ ਦੀ ਮਹਾਨ ਸੇਵਾ ਗੁਰੂ ਕਿਰਪਾ ਨਾਲ ਨਿਭਾਈ ਹੈ, ਗੁਰਦਵਾਰਾ ਬਿਭੌਰ ਸਾਹਿਬ ਤੇ ਹੋਰ ਕਈ ਗੁਰ-ਅਸਥਾਨਾਂ ਤੋਂ ਇਲਾਵਾ ਹੁਣ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਦੀ ਮਹਾਨ ਸੇਵਾ ਦਾ ਯਗ ਅਰੰਭਿਆ ਹੋਇਆ ਸੀ, ੨੨ ਜਨਵਰੀ ੧੯੮੨ ਨੂੰ ਵਾਹਿਗੁਰੂ ਜੀ ਨੂੰ ਪਿਆਰੇ ਹੋ ਗਏ ਹਨ। ਆਪ ਜੀ ਨੇ ਹਰੇਕ ਗੁਰ-ਅਸਥਾਨ ਨਾਲ ਅਤੁਟ ਗੁਰੂ ਕੇ ਲੰਗਰ ਚਾਲੂ ਕੀਤੇ। ਬਾਬਾ ਜੀ ਅੰਮ੍ਰਿਤਧਾਰੀ ਗੁਰੂ ਕੇ ਸਿਖ ਸਨ ਅਤੇ ਬੜੇ ਮਿਠੇ, ਮਿਲਾਪੜੇ, ਨਿਰਮਾਣ ਤੇ ਗਰੀਬੀ ਸੁਭਾਵ ਵਾਲੇ ਸਨ। ਹਰੇਕ ਗੁਰਸਿਖ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਮਿਲਦੇ ਤੇ ਖੁਸ਼ੀਆਂ ਪ੍ਰਾਪਤ ਕਰਦੇ ਸਨ। ਸਤਿਗੁਰੂ ਜੀ ਆਪ ਦੀ ਸੇਵਾ ਥਾਇ ਪਾਉਣ ਅਤੇ ਹੋਰ ਗੁਰਸਿਖਾਂ ਨੂੰ ਆਪ ਦੇ ਪੂਰਨਿਆਂ ਤੇ ਚਲ ਕੇ ਨਿਰਲੋਭ ਤੇ ਨਿਰ-ਇਛਤ ਸੇਵਾ ਕਰਨ ਦਾ ਚਾਉ ਉਤਸ਼ਾਹ ਬਖਸ਼ਣ।

---

*ਜ਼ਨਾਹਮ ਨ ਬਾਸ਼ਦ ਮਿਆਨੇ ਸਗਾਂ। ਨ ਦੁਜ਼ਦੀ ਬਵਦ ਕਾਰਿ ਆਂ ਬਦਰਗਾਂ।



www.AKJ.Org

# ਸਿਗਰਟ ਕੰਪਨੀ ਵਲੋਂ ਸਿਖੀ ਦਾ ਘੋਰ ਅਪਮਾਨ

ਨੋਟ :–ਇਹ ਖ਼ਬਰ 'ਅਕਾਲੀ ਪੱਤ੍ਰਕਾ' ਨੇ ੨੦ ਜਨਵਰੀ ੧੯੮੨ ਦੇ ਪਰਚੇ ਵਿਚ ਦਿਤੀ ਹੈ ਅਤੇ ਖ਼ਬਰ ਦੇ ਹੇਠ ਉਸ ਘੋਰ ਅਪਮਾਨ ਭਰੇ ਇਸ਼ਤਿਹਾਰ ਦੀ ਫੋਟੋ ਹੈ ਜਿਸ ਦੇ ਉਪਰ ਅੰਗਰੇਜ਼ੀ ਵਿਚ ਲਿਖਿਆ ਹੈ–

The 'WILLS' man of the weak
Surjit Singh . India's captain
at the World Cup Hockey.

ਇਨ੍ਹਾਂ ਅੱਖਰਾਂ ਤੋਂ ਹੇਠ ਸੁਰਜੀਤ ਸਿੰਘ ਦੀ ਫੋਟੋ ਦੇ ਕੇ,ਸਿਗਰਟਾਂ ਦੀ ਡੱਬੀ ਵਿਚੋਂ ਸਿਗਰਟ ਉਭਰੇ ਹੋਏ ਵਿਖਾਏ ਗਏ ਹਨ।

ਸ਼ਰਾਰਤੀ ਅਨਸਰ ਜਾਣ ਬੁਝ ਕੇ ਨਿਤ ਨਵੇਂ ਸੂਰਜ ਕੋਈ ਨਾ ਕੋਈ ਐਸੀ ਕਰਤੂਤ ਕਰ ਵਿਖਾਂਦੇ ਹਨ ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਜਾਂਦੇ ਹਨ। ਸਿਖੀ ਜਜ਼ਬਾਤ ਨੂੰ ਭੜਕਾਉਣ ਵਾਲੇ ਐਸੇ ਅਨਸਰ ਨੂੰ ਨੱਥ ਪਾਉਣ ਲਈ ਕੀ ਸਰਕਾਰ ਸੁੱਤੀ ਰਹੇਗੀ ? ਅਤੇ ਕੀ ਸਿਖ ਸੰਸਥਾਵਾਂ ਇਹ ਸਭ ਕੁਝ ਚੁੱਪ ਕਰਕੇ ਬੇਬਸੀ ਦੀ ਹਾਲਤ ਵਿਚ ਵੇਖਦੀਆਂ ਰਹਿਣਗੀਆਂ ?

ਲੋਕ ਰਾਜ ਵਿਚ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਅਜਿਹੇ ਸ਼ਰਾਰਤੀ ਅਨਸਰ ਨੂੰ ਫੌਰਨ ਐਸੀਆਂ ਕਰੜੀਆਂ ਸਜ਼ਾਵਾਂ ਦੇਵੇ ਕਿ ਮੁੜ ਕੇ ਕਿਸੇ ਹੋਰ ਨੂੰ ਅਜਿਹਾ ਕਰਨ ਦੀ ਜੁਰਅੱਤ ਨਾ ਹੋ ਸਕੇ। ਆਸ ਹੈ ਕਿ ਸੰਬੰਧਤ ਸਰਕਾਰਾਂ ਯੋਗ ਕਦਮ ਚੁਕ ਕੇ ਸਿਖਾਂ ਦੇ ਫਟੜ ਹਿਰਦਿਆਂ ਨੂੰ ਸ਼ਾਂਤ ਕਰਨ ਦਾ ਉਪਰਾਲਾ ਕਰਨਗੀਆਂ। ਜੇ ਸਰਕਾਰ ਅਜਿਹਾ ਕਰਨ ਵਿਚ ਫ਼ੇਲ੍ਹ ਹੁੰਦੀ ਹੈ ਤਾਂ ਇਸ ਦਾ ਇਹ ਭਾਵ ਨਿਕਲਦਾ ਹੈ ਕਿ ਸਰਕਾਰ ਸਿੱਖੀ ਜਜ਼ਬਾਤ ਦੀ ਕੋਈ ਪਰਵਾਹ ਨਹੀਂ ਕਰਦੀ ਅਤੇ ਇਸ ਤਰ੍ਹਾਂ ਸਰਕਾਰ ਆਪ ਸਿੱਖਾਂ ਨੂੰ ਅਤਵਾਦੀ ਪਾਲਸੀ ਅਪਨਾਉਣ ਲਈ ਮਜਬੂਰ ਕਰਦੀ ਹੈ। –ਸੰਪਾਦਕ

ਤੰਬਾਕੂ ਤੇ ਸਿਗਰਟ ਦੀ ਵਰਤੋਂ ਦੀ ਸਿਖ ਧਰਮ ਵਿਚ ਮਨਾਹੀ ਹੈ। ਦੇਸ਼ ਪ੍ਰਦੇਸ਼ ਵਿਚ ਸਭ ਨੂੰ ਪਤਾ ਹੈ ਕਿ ਸਿੱਖਾਂ ਨੂੰ ਤੰਬਾਕੂ ਤੋਂ ਨਫਰਤ ਹੈ। ਨਫਰਤ ਵੀ ਏਨੀ ਹੈ ਕਿ ਸਿਖ ਇਸਨੂੰ ਹੱਥ ਲਾਉਣਾ ਵੀ ਚੰਗਾ ਨਹੀਂ ਸਮਝਦੇ। ਜੇ ਕਹਿ ਲਓ ਕਿ ਹਥ ਲਾਉਣਾ ਪਾਪ ਸਮਝਦੇ ਹਨ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ।

ਲੇਕਿਨ ਦੁਖ ਦੀ ਗੱਲ ਹੈ ਕਿ ਹਿੰਦੁਸਤਾਨ ਦੀ ਇਕ ਤੰਬਾਕੂ ਕੰਪਨੀ ਇਹ ਸਭ ਕੁਝ ਜਾਣਦੀ ਹੋਈ ਸਿਖ ਧਰਮ ਦੀ ਤੌਹੀਨ ਤੇ ਸਿਖ ਧਰਮ ਦਾ ਮਖੌਲ ਉਡਾਣ ਤੇ ਤੁਲੀ ਹੋਈ ਹੈ।

ਅਕਾਲੀ ਪੱਤਰਕਾ ਨੂੰ ਡਾਕ ਵਿਚ ਇਕ ਇਸ਼ਤਿਹਾਰ ਮਿਲਿਆ ਹੈ ਜੋ ਭਾਰਤ ਦੀ ਇਕ ਤੰਬਾਕੂ ਕੰਪਨੀ ਨੇ 'ਵਿਲਸ' ਸਿਗਰਟ ਦੀ ਮਸ਼ਹੂਰੀ ਲਈ ਦਿਤਾ ਹੈ। ਇਸ ਇਸ਼ਤਿਹ ਰ ਤੇ ਉਸ ਨੇ ਉਲੰਪਿਕ ਹਾਕੀ ਕਪਤਾਨ ਸਿਖ ਨੌਜਵਾਨ ਸਰਦਾਰ ਸੁਰਜੀਤ ਸਿੰਘ ਦੀ ਫੋਟੋ ਛਾਪੀ ਹੈ। ਫੋਟੋ ਦੇ ਥੱਲੇ 'ਵਿਲਸ' ਦਾ ਇਸ਼ਤਿਹਾਰ ਦੇ ਕੇ ਇਹ ਪਰਚਾਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ''ਜਿਹੜੇ ਲੋਕੀਂ 'ਵਿਲਸ' ਸਿਗਰਟ ਪੀਂਦੇ ਹਨ ਉਹ ਚੰਗੇ ਦਿਮਾਗ ਵਾਲੇ ਚੁਸਤ ਤੇ ਨਾਮਣਾ ਖੱਟਣ ਵਾਲੇ ਹੁੰਦੇ ਹਨ।'' ਇਸ ਇਸ਼ਤਿਹਾਰ ਦਾ ਮਤਲਬ ਇਹ ਹੈ ਕਿ ਵਿਲਸ ਸਿਗਰਟ ਪੀਉ ਤੇ ਸੁਰਜੀਤ ਸਿੰਘ ਵਾਂਗ ਚਮਕਦੇ ਸਿਤਾਰੇ ਬਣੋ।

ਇਸ ਇਸ਼ਤਿਹਾਰ ਨੇ ਸਾਰੇ ਸਿਖ ਜਗਤ ਵਿਚ ਗੁਸੇ ਦੀ ਲਹਿਰ ਦੁੜਾ ਦਿਤੀ ਹੈ।



www.AKJ.Org

ਅਕਾਲੀ ਪਤਰਕਾ ਇਸ ਨੂੰ ਇਸ ਲਈ ਛਾਪ ਰਿਹਾ ਹੈ ਤਾਕਿ ਲੋਕਾਂ ਨੂੰ ਪਤਾ ਲਗਾ ਸਕੇ ਕਿ ਸਿਖ ਧਰਮ ਦਾ ਕਿਵੇਂ ਮਖੌਲ ਉਡਾਇਆ ਜਾ ਰਿਹਾ ਹੈ? ਸਿਖ ਧਰਮ ਨੂੰ ਕਿਵੇਂ ਗ਼ਲਤ ਰੰਗਤ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ।

ਅਕਾਲੀ ਪੱਤ੍ਰਕਾ ਸਿੱਖ ਸੰਗਤਾਂ, ਅਕਾਲੀ ਦਲ ਦੇ ਲੀਡਰਾਂ ਤੇ ਸ਼ਰੋਮਣੀ ਕਮੇਟੀ ਦੇ ਲੀਡਰਾਂ ਦੇ ਨੋਟਿਸ ਵਿਚ ਇਹ ਗਲ ਲਿਆਉਣੀ ਚਾਹੁੰਦੀ ਹੈ ਕਿ ਉਹ ਧਰਮ ਦੀ ਹੋ ਰਹੀ ਬੇਅਦਬੀ ਵਿਰੁਧ ਜ਼ੋਰਦਾਰ ਅਵਾਜ਼ ਉਠਾਣ, ਤਾਕਿ ਅਜਿਹੇ ਫਿਰਕੂ ਲੋਕਾਂ ਨੂੰ ਸਿੱਖਾਂ ਦਾ ਅਪਮਾਨ ਕਰਨ ਦੀ ਅਗੇ ਤੋਂ ਜੁਰਅਤ ਨਾ ਪਏ।

ਅਕਾਲੀ ਪੱਤ੍ਰਕਾ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਇਸ਼ਤਿਹਾਰ ਛਾਪਣ ਵਾਲੀ ਕੰਪਨੀ ਨੂੰ ਇਹ ਚਿਤਾਵਨੀ ਦਿੰਦਾ ਹੈ ਕਿ ਉਹ ਆਪਣੇ ਕੀਤੇ ਕਾਰੇ ਲਈ ਸਿਖ ਜਗਤ ਤੋਂ ਮੁਆਫੀ ਮੰਗੇ ।

ਸ: ਸੁਰਜੀਤ ਸਿੰਘ, ਜਿਸ ਦੀ ਫੋਟੋ ਨਾਲ ਛਪੀ ਹੈ, ਦੇ ਨੋਟਿਸ ਵਿਚ ਵੀ ਇਹ ਗਲ ਲਿਆਂਦੀ ਜਾਂਦੀ ਹੈ ਕਿ ਉਹ ਵੀ ਕੰਪਨੀ ਦੇ ਵਿਰੁਧ ਜਿਹੋ ਜਿਹੀ ਤਾੜਨਾ ਦੇ ਸਕਦੇ ਹਨ, ਦੇਣ ਅਤੇ ਜੋ ਕਾਰਵਾਈ ਯੋਗ ਸਮਝਦੇ ਹਨ ਕਰਨ । ਇਹ ਇਕ ਸਿਖ ਦਾ ਅਪਮਾਨ ਨਹੀਂ, ਸਿੱਖੀ ਦਾ ਅਪਮਾਨ ਹੈ । ਇਹ ਸ਼ਰਾਰਤ ਹੈ, ਇਸ ਨੂੰ ਅਗਿਆਨਤਾ ਨਹੀਂ ਕਿਹਾ ਸਕਦਾ । ਸੰਗਤ ਪੁੱਛਦੀ ਹੈ ਕਿ ਕੀ ਪੰਜਾਬ ਸਰਕਾਰ ਜਾਂ ਹੋਰ ਸੰਬੰਧਤ ਅਧਿਕਾਰੀ ਅਜਿਹੀਆਂ ਹਰਕਤਾਂ ਨੂੰ ਰੋਕਣ ਲਈ ਕੋਈ ਕਾਰਵਾਈ ਕਰਨਗੇ ?

## ਘਾਲਿ ਖਾਹਿ ਕਿਛੁ ਹਥਹੁ ਦੇਹਿ

ਕਈ ਥਾਵਾਂ ਤੋਂ ਸੂਚਨਾ ਪ੍ਰਾਪਤ ਹੋਈ ਹੈ ਕਿ ਕੁਝ ਕੁ ਕੀਰਤਨੀਏ ਪ੍ਰੇਮੀ ਕੀਰਤਨ ਦੀ ਭੇਟਾ ਪਰਵਾਨ ਕਰ ਲੈਂਦੇ ਹਨ । ਕਿਤੇ ਕਿਤੇ ਟਾਵੇਂ ਟਾਵੇਂ ਅਖੰਡ-ਪਾਠੀ ਭੀ ਕੁਝ ਮਾਇਕ ਸੇਵਾ ਪਰਵਾਨ ਕਰ ਲੈਂਦੇ ਹਨ । ਕਈ ਪ੍ਰੇਮੀ ਆਪਣੇ ਬਿਹੰਗਮ ਹੋਣ ਦੇ ਨਾਤੇ ਮਾਇਆ ਸਵੀਕਾਰ ਕਰ ਲੈਂਦੇ ਹਨ ।

ਇਹ ਸਭ ਘਾਟੇਵੰਦੇ ਸੌਦੇ ਹਨ । ਹੁਕਮ ਤਾਂ ਧਰਮ ਦੀ ਕਿਰਤ ਵਿਰਤ ਕਰ ਕੇ ਵੰਡ ਛਕਣ ਦਾ ਹੈ–

ਘਾਲਿ ਖਾਇ ਕਿਛੁ ਹਥਹੁ ਦੇਹਿ ॥ ਨਾਨਕ ਰਾਹੁ ਪਛਾਣਹਿ ਸੇਇ ॥ (੧੨੪੫)

ਸਾਹਿਬਾਂ ਦਾ ਹੋਰ ਹੁਕਮ ਹੈ–ਧ੍ਰਿਗੁ ਤਿਨਾ ਦਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ (੧੨੪੫)

ਲਿਖ ਕੇ ਨਾਮ ਵੇਚਣਾ, ਜਾਂ ਗਾਇਨ ਕਰ ਕੇ ਵੇਚਣਾ ਜਾਂ ਪਾਠ ਕਰ ਕੇ ਵੇਚਣਾ ਇਕੋ ਹੀ ਗੱਲ ਹੈ ਅਤੇ ਇਹ ਸਭੇ ਹੀ ਕੰਮ ਪਤਨ ਵਲ ਲਿਜਾਂਦੇ ਹਨ ਤੇ ਜੀਵਨ ਨੂੰ ਫਿਟਕਾਰ ਜੋਗ ਬਣਾਂਦੇ ਹਨ ।

ਇਸ ਲਈ ਅਖੰਡ ਕੀਰਤਨੀ ਜਥੇ ਦੇ ਸਮੂਹ ਸਿੰਘਾਂ ਸਿੰਘਣੀਆਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਅਜਿਹੀ ਮਾਇਆ ਬਿਲਕੁਲ ਨਾ ਸਵੀਕਾਰ ਕੀਤੀ ਜਾਏ । ਇਸ ਨਾਲ ਕੀਤੀ ਘਾਲਣਾ ਅਜਾਈਂ ਜਾਂਦੀ ਹੈ ਅਤੇ ਇਸ ਦਾ ਲੇਖਾ ਅਵੱਸ਼ ਦੇਣਾ ਪੈਂਦਾ ਹੈ । ਸਾਨੂੰ ਸਾਰਿਆਂ ਨੂੰ ਮਨ ਬਚਨ ਕਰਮ ਕਰਕੇ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਸ ਜਥੇ ਦਾ ਨਾਮ "ਨਿਰਬਾਣ ਕੀਰਤਨੀ ਜਥਾ" ਹੈ, ਜਿਸ ਦਾ ਭਾਵ ਸਪਸ਼ਟ ਹੈ ਕਿ ਕੀਰਤਨੀ ਜਥੇ ਦੇ ਮੈਂਬਰ ਕਿਸੇ ਵੀ ਮਾਇਕੀ ਲਾਲਸਾ ਅਧੀਨ ਕੀਰਤਨ ਨਹੀਂ ਕਰਦੇ ।

ਦਾਸਰਾ–ਰਾਮ ਸਿੰਘ (ਜਥੇਦਾਰ), ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ ।

## ਮਰਣੁ ਮੁਣਸਾ ਸੂਰਿਆ ਹਕੁ ਹੈ

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ, ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ, ਜਿਤੁ ਸੇਵਿਐ ਭਉ ਭਾਗੈ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ, ਆਪੇ ਜਾਣੈ ਜਾਣੋ ॥
ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਹਿ ਪਰਵਾਣੋ ॥੩॥ (੫੮੦)



www.AKJ.Org

# ਸਿੱਖੀ ਤੇ ਹਮਲੇ, ਧੱਕਾ ਤੇ ਬੇਇਨਸਾਫ਼ੀ ਕਿਉਂ ?

ਅਸੀਂ 'ਅਕਾਲੀ ਪਤ੍ਰਕਾ' ਮਿਤੀ ੨੩-੧-੯੨ ਦਾ ਐਡੀਟੋਰੀਅਲ ਨੋਟ ਥਲੇ ਦੇਂਦੇ ਹਾਂ। ਇਹ ਹਰ ਸਿਖ ਦੇ ਜਜ਼ਬਾਤ ਦੀ ਤਰਜਮਾਨੀ ਕਰਦਾ ਹੈ। ਹਰੇਕ ਸਿਖ ਦੀ ਹਾਰਦਿਕ ਮੰਗ ਹੈ ਕਿ ਅਕਾਲੀ ਦਲ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਤੀਨਿਧ ਜਮਾਤ ਹੈ, ਕੁਰਸੀਆਂ ਦੇ ਲਾਲਚ ਛਡ ਕੇ ਸਿਖੀ ਅਣਖ ਦੀ ਰਾਖੀ ਲਈ ਤਤਪਰ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਖਾਲਸਾ ਕਕਾਰਾਂ ਦੀ ਬੇਅਦਬੀ ਤੋਂ ਵਧ ਹੋਰ ਕਿਹੜਾ ਹਮਲਾ ਹੋ ਸਕਦਾ ਹੈ ? ਜੇ ਅਸੀਂ ਇਸ ਨੂੰ ਝਾਗ ਗਏ ਤਾਂ ਬੇ-ਅਣਖੀ ਵਾਲੇ ਜੀਵਨ ਤੋਂ ਮੌਤ ਚੰਗੀ ਹੈ। ਸੰਪਾਦਕ

ਅਜ ਕਲ੍ਹ ਸਿਖੀ ਤੇ ਧੜਾ ਧੜ ਹਮਲੇ ਹੋ ਰਹੇ ਹਨ। ਕਿਧਰੇ ਸਿਖਾਂ ਨੂੰ ਬਦਲਿਆ ਜਾ ਰਿਹਾ ਹੈ, ਕਿਧਰੇ ਵਕਤ ਤੋਂ ਪਹਿਲਾਂ ਰਿਟਾਇਰ ਹੋਣ ਤੇ ਮਜਬੂਰ ਕੀਤਾ ਜਾ ਰਿਹਾ ਹੈ। ਕਿਧਰੇ ਕੁਝ ਤੇ ਕਿਧਰੇ ਕੁਝ। ਅਜੇ ਇਹ ਖਬਰਾਂ ਆ ਰਹੀਆਂ ਸਨ ਕਿ ਹਿਸਾਰ ਜੇਲ੍ਹ ਵਿਚ ਇਕ ਸਿਖ ਕੈਦੀ ਸੁਰਿੰਦਰ ਸਿੰਘ ਦੇ ਕੇਸ ਕਤਲ ਕਰਨ ਦੀ ਇਤਲਾਹ ਆ ਗਈ। ਇਸ ਪਿਛੋਂ ਵਿਲਸ ਸਿਗਰਟ ਕੰਪਨੀ ਵਲੋਂ ਆਪਣੀ ਮਸ਼ਹੂਰੀ ਦੇ ਇਸ਼ਤਿਹਾਰ ਦੇ ਕੇ ਉਪਰ ਸਿਖ ਉਲੰਪਿਕ ਖਿਡਾਰੀ ਸੁਰਜੀਤ ਸਿੰਘ ਦੀ ਫ਼ੋਟੋ ਛਾਪ ਕੇ ਸਿਖੀ ਦਾ ਘੋਰ ਅਪਮਾਨ ਕਰ ਦਿਤਾ ਗਿਆ। ਇਹ ਸਭ ਕਿਉਂ ਹੈ ? ਸਿਰਫ਼ ਸਿਖਾਂ ਨੂੰ ਹੀ ਕਿਉਂ ਹਰ ਗੱਲ ਵਿਚ ਨਿਸ਼ਾਨਾ ਬਣਾਇਆ ਜਾ ਰਿਹਾ ਹੈ ? ਸਿਖਾਂ ਤੇ ਸਿਖੀ ਦਾ ਅਪਮਾਨ ਕਿਉਂ ਕੀਤਾ ਜਾ ਰਿਹਾ ਹੈ ? ਇਸ ਲਈ ਕੌਣ ਜ਼ੁਮੇਵਾਰ ਹੈ ? ਕਿਸ ਦਾ ਕਸੂਰ ਹੈ ਇਹਨਾਂ ਗਲਤ ਕਾਰਿਆਂ ਲਈ ?

ਸਿਖ ਸਬਰ ਸੰਤੋਖ ਵਾਲੀ ਬਹਾਦਰ, ਜ਼ਿੰਦਾ ਸ਼ਹੀਦਾਂ, ਦੇਸ਼ ਭਗਤਾਂ ਤੇ ਮਜ਼ਲੂਮਾਂ ਦੀ ਰਖਿਆ ਕਰਨ ਵਾਲੀ ਕੌਮ ਹੈ। ਇਹ ਗਿਣਤੀ ਵਿਚ ਭਾਵੇਂ ਆਟੇ ਵਿਚ ਲੂਣ ਦੇ ਬਰਾਬਰ ਹੈ, ਪਰ ਇਸ ਦੇ ਕਾਰਨਾਮੇ ਨਾ ਮੁਕਣ ਵਾਲੇ ਹਨ। ਇਸ ਦਾ ਇਤਿਹਾਸ ਆਪਣੇ ਖ਼ੂਨ ਨਾਲ ਲਿਖਿਆ ਹੋਇਆ ਹੈ। ਇਸ ਦੀਆਂ ਕੁਰਬਾਨੀਆਂ ਲਾਸਾਨੀ ਹਨ। ਇਹ ਸਭ ਕਿਉਂ ਹੈ ? ਇਹ ਸਭ ਇਹਨਾਂ ਦੇ ਦਿਲ ਵਿਚ ਦੇਸ਼ ਤੇ ਕੌਮ ਦੀ ਸੇਵਾ ਦੇ ਭਰੇ ਹੋਏ ਜਜ਼ਬੇ ਦਾ ਨਤੀਜਾ ਹੈ।

ਸਿਖ ਕਿਸੇ ਗਲੋਂ ਵੀ ਪਿਛੇ ਹਟਣ ਵਾਲੀ ਕੌਮ ਨਹੀਂ। ਜਦੋਂ ਦੇਸ਼ ਦੀ ਆਜ਼ਾਦੀ ਦੀ ਲਹਿਰ ਚਲੀ ਤਾਂ ਸਿਖਾਂ ਨੇ ਸਭ ਤੋਂ ਅਗਲੀ ਕਤਾਰ ਵਿਚ ਖਲੋ ਕੇ ਕੁਰਬਾਨੀ ਦਿਤੀ, ਜੇਲ੍ਹ ਜਾਣ ਵੇਲੇ ਸਭ ਤੋਂ ਵਧ ਜੇਲ੍ਹ ਵਿਚ ਗਏ। ਗੋਲੀਆਂ ਖਾਣ ਵੇਲੇ ਸਭ ਤੋਂ ਅਗੇ ਹੋ ਕੇ ਨਿਤਰੇ, ਕੈਦ ਜੁਰਮਾਨੇ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਤੇ ਮੌਤ ਦੀਆਂ ਸਜ਼ਾਵਾਂ ਵੀ ਪ੍ਰਾਪਤ ਕਰਨ ਵਿਚ ਸਿਖਾਂ ਦਾ ਕੋਈ ਮੁਕਾਬਲਾ ਨਾ ਕਰ ਸਕਿਆ। ਭਾਰਤ ਪਾਕਿਸਤਾਨ ਦੀ ਵੰਡ ਵੇਲੇ ਸਭ ਤੋਂ ਵਧ ਇਹਨਾਂ ਦਾ ਨੁਕਸਾਨ ਹੋਇਆ। ਉਸ ਪਿਛੋਂ ਜੋ ਵੀ ਮੋਰਚੇ ਲਗੇ, ਚਾਹੇ ਉਹ ਕੌਮ ਲਈ ਸਨ ਜਾਂ ਦੇਸ਼ ਦੀ ਰਖਸ਼ਾ ਲਈ, ਚਾਹੇ ਉਹ ੧੯੬੨ ਦੀ ਜੰਗ ਸੀ ਜਾਂ ੧੯੬੫ ਜਾਂ ੧੯੭੧ ਦੀ, ਸਿਖ ਮੂਹਰੇ ਹੋ ਕੇ ਮੈਦਾਨ ਵਿਚ ਜੂਝੇ ਤੇ ਛਾਤੀਆਂ ਤੇ ਹੱਸ ਹੱਸ ਕੇ ਗੋਲੀਆਂ ਖਾਂਦੇ ਹੋਏ ਸ਼ਹੀਦ ਹੋ ਗਏ। ਸਿਖ ਮਰਨਾ ਜਾਣਦਾ ਹੈ ਤਾਂ ਮਾਰਨਾ ਵੀ ਜਾਣਦਾ ਹੈ। ਸਿਖ ਹਮਦਰਦ ਵੀ ਹੈ ਤੇ ਦਾਨੀ ਵੀ। ਸਿਖ ਜੁਝਾਰੂ ਵੀ ਹੈ ਤਾਂ ਨਰਮ ਦਿਲ ਤੇ ਤਿਆਗੀ ਵੀ। ਸਿਖ ਵਫ਼ਾਦਾਰ ਹੈ, ਗ਼ਦਾਰ ਨਹੀਂ। ਸਿਖ ਮਿਹਨਤੀ ਹੈ, ਕੰਮ-ਚੋਰ ਨਹੀਂ। ਸਿੰਘ ਵਡੇ ਦਿਲ ਵਾਲਾ ਹੈ, ਤੰਗ ਦਿਲ ਨਹੀਂ। ਸਿਖ ਦੂਸਰਿਆਂ ਦੀ ਖ਼ਾਤਰ ਆਪਾ ਵਾਰਨ ਵਾਲਾ ਹੈ, ਮੈਦਾਨੋਂ ਭਜਣ ਵਾਲਾ ਨਹੀਂ। ਇਹ ਸਭ ਗੁਣ ਹੋਣ ਦੇ ਬਾਵਜੂਦ ਸਿਖਾਂ ਨਾਲ ਜੇ ਵਿਤਕਰਾ ਕੀਤਾ ਜਾਏ, ਸਿਖ ਤੇ ਸਿਖੀ ਦਾ ਅਪਮਾਨ ਕੀਤਾ ਜਏ, ਸਿਖ ਧਰਮ ਦੀ ਤੌਹੀਨ ਕੀਤੀ ਜਾਏ, ਸਿਖ ਕਕਾਰਾਂ ਦਾ ਮਖੌਲ ਉਡਾਇਆ ਜਾਏ, ਸਿਖੀ ਨਾਲ ਨਫ਼ਰਤ ਕੀਤੀ ਜਾਏ ਤਾਂ ਦਸੋ ਇਹ ਧੱਕਾ ਨਹੀਂ ਤਾਂ ਹੋਰ ਕੀ ਹੈ ? ਇਹ ਫ਼ਿਰਕਾ-ਪ੍ਰਸਤੀ ਨਹੀਂ ਤਾਂ ਹੋਰ ਕੀ ਹੈ ? ਇਹ ਮਤਲਬ-ਪ੍ਰਸਤੀ ਮੌਕਾ ਪ੍ਰਸਤੀ ਨਹੀਂ ਤਾਂ ਹੋਰ ਕੀ ਹੈ ? ਸਿਖਾਂ ਦੇ ਦਾਹੜੀ ਕੇਸ ਕਤਲ ਕਰ ਦੇਣੇ ਕੀ



www.AKJ.Org

ਛੋਟੀ ਜਿਹੀ ਗੱਲ ਹੈ ? ਸਿਖ ਅਫਸਰ ਸਿਰਫ ਇਸ ਕਰਕੇ ਬਦਲੇ ਜਾਣ ਕਿ ਉਹਨਾਂ ਦੇ ਮੂੰਹ ਤੇ ਦਾਹੜੀ ਮੁੱਛਾਂ ਹਨ ਤਾਂ ਇਹ ਧੱਕੇਸ਼ਾਹੀ ਨਹੀਂ ਤਾਂ ਹੋਰ ਕੀ ਹੈ ? ਸਿਖਾਂ ਦਾ ਸਿਗਰਟ ਕੰਪਨੀ ਵਲੋਂ ਮਖ਼ੌਲ ਉਡਾਣ ਦੀ ਇਹ ਘਟੀਆ ਕਾਰਵਾਈ ਨਹੀਂ ਤਾਂ ਹੋਰ ਕੀ ਹੈ ?

ਸਿਖ ਸੰਗਤਾਂ ਹਿਸਾਰ ਜੇਲ੍ਹ ਦੇ ਅਧਿਕਾਰੀਆਂ ਪਾਸੋਂ ਪੁਛਦੀਆਂ ਹਨ ਕਿ ਸੁਰਿੰਦਰ ਸਿੰਘ ਦੇ ਕੇਸ ਕਤਲ ਕਰ ਕੇ ਉਹਨਾਂ ਨੂੰ ਕੀ ਮਿਲਿਆ ? ਇਕ ਨਿਹੱਥੇ ਮਜ਼ਲੂਮ ਤੇ ਜ਼ਿੰਦਗੀ ਦੇ ਦਿਨ ਕੱਟ ਰਹੇ ਸਿਖ ਨੌਜਵਾਨ ਨੂੰ ਪਤਿਤ ਕਰ ਕੇ ਉਹਨਾਂ ਨੂੰ ਕੀ ਮਿਲਿਆ ?

ਸਿਖ ਸੰਗਤਾਂ ਤੰਬਾਕੂ ਕੰਪਨੀ ਵਿਲਸ ਕੋਲੋਂ ਪੁਛਦੀਆਂ ਹਨ ਕਿ ਕੀ ਉਸ ਨੂੰ ਪਤਾ ਨਹੀਂ ਕਿ ਸਿਖ ਸਿਗਰਟ ਨਹੀਂ ਪੀਂਦੇ ? ਕੀ ਉਸ ਨੂੰ ਪਤਾ ਨਹੀਂ ਕਿ ਸਿਖ ਧਰਮ ਵਿਚ ਸਿਗਰਟ ਪੀਣਾ ਤੇ ਇਕ ਪਾਸੇ ਰਿਹਾ, ਸਿਗਰਟ ਨੂੰ ਹੱਥ ਲਾਉਣ ਦੀ ਵੀ ਮਨਾਹੀ ਹੈ?ਸੰਗਤਾਂ ਇਸ ਨੂੰ ਛਾਪਣ ਵਾਲਿਆਂ ਤੋਂ ਪੁਛਦੀਆਂ ਹਨ ਕਿ ਕੀ ਉਹ ਭਾਰਤ ਵਿਚ ਨਹੀਂ ਵਸਦੇ ? ਕੀ ਭਾਰਤ ਵਿਚ ਰਹਿ ਕੇ ਸਿਖ ਧਰਮ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ ? ਪਤਾ ਸਭ ਕੁਝ ਹੈ, ਲੇਕਿਨ ਇਹ ਖਿਆਲ ਕਰੇ ਕੌਣ ? ਸਿਖ ਸੰਗਤਾਂ ਉਹਨਾਂ ਸਰਕਾਰੀ ਹ ਕਮਾਂ ਕੋਲੋਂ ਪੁਛਦੀਆਂ ਹਨ ਜੋ ਸਿਖਾਂ ਨੂੰ ਸਿਖੀ ਕਰਕੇ ਹੀ ਅਦਲਣ ਬਦਲਣ ਵਿਚ ਲਗੀਆਂ ਹੋਈਆਂ ਹਨ। ਸਿਖ ਸੰਗਤਾਂ ਪੁਛਦੀਆਂ ਹਨ ਕਿ ਕੀ ਇਕ ਸਿਖ ਅਫਸਰ ਦਾ ਮੁਲਾਜ਼ਮ ਹੋਣਾ ਗੁਨਾਹ ਹੈ ? ਜੇ ਨਹੀਂ ਤਾਂ ਫਿਰ ਕਿਉਂ ਪੰਜਾਬ, ਦਿਲੀ ਤੇ ਹੋਰ ਥਾਵਾਂ ਤੇ ਸਿਖਾਂ ਨਾਲ ਘਟੀਆ ਸਲੂਕ ਕਰਕੇ ਉਹਨਾਂ ਨੂੰ ਦੂਰ ਦੁਰਾਡੇ ਸੁਟਿਆ ਜਾ ਰਿਹਾ ਹੈ। ਇਕ ਪਾਸੇ ਸਾਰੇ ਪ੍ਰਚਾਰ ਕਰਦੇ ਹਨ ਕਿ ਹਿੰਦੂ ਸਿਖ ਭ ਰਤ ਮਾਂ ਦੀ ਸੱਜੀ ਖਬੀ ਅੱਖ ਹਨ। ਇਕ ਪਾਸੇ ਕਹਿੰਦੇ ਹਨ ਕਿ ਸਿੱਖ ਤੇ ਹਿੰਦੂ ਨਹੁੰ ਤੇ ਮਾਸ ਹਨ। ਜੇ ਇਹ ਸਭ ਕੁਝ ਤੁਸੀਂ ਮੰਨਦੇ ਹੋ ਤਾਂ ਫਿਰ ਸਿਖਾਂ ਨੂੰ ਨੌਕਰੀਆਂ ਵਿਚ ਚੰਗੇ ਅਹੁਦੇ ਤੇ ਰਖਣਾ ਬਰਦਾਸ਼ਤ ਕਿਉਂ ਨਹੀਂ ਕਰਦੇ ? ਅਸੀਂ ਪੰਜਾਬ ਸਰਕਾਰ ਤੇ ਕੇਂਦਰੀ ਸਰਕਾਰ ਨੂੰ ਕਹਾਂਗੇ ਕਿ ਉਹ ਸਿਖਾਂ ਨਾਲ ਇਸ ਤਰ੍ਹਾਂ ਹੋ ਰਹੇ ਧਕਿਆਂ ਨੂੰ ਰੋਕੇ। ਸਿਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਨਾ ਸਮਝੋ, ਬਰਾਬਰ ਦੇ ਭਾਈਵਾਲ ਸਮਝੋ। ਸੰਗਤਾਂ ਹਿਸਾਰ ਜੇਲ੍ਹ ਵਿਚ ਹੋਏ ਕਾਂਡ ਦੀ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦੀਆਂ ਹਨ। ਵਿਲਸ ਕੰਪਨੀ ਨੇ ਜੋ ਕਾਲੀ ਕਰਤੂਤ ਕੀਤੀ, ਅਸੀਂ ਕਹਾਂਗੇ ਕਿ ਉਹ ਕੀਤੇ ਲਈ ਪਸਚਾਤਾਪ ਕਰੇ ਤੇ ਸਿਖ ਕੌਮ ਦੇ ਮੁਹਾਣਿਆਂ ਨੂੰ ਕਹਾਂਗੇ ਕਿ ਉਹ ਇਸ ਸਿਲਸਿਲੇ ਵਿਚ ਕਾਨੂੰਨੀ ਤੇ ਰਾਜਸੀ ਜੋ ਵੀ ਕਾਰਵਾਈ ਹੋ ਸਕਦੀ ਹੈ, ਕਰਨ।

ਅਸੀ ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਕਮੇਟੀ ਨੂੰ ਵੀ ਕਹਾਂਗੇ ਕਿ ਉਹ ਇਨ੍ਹਾਂ ਧਕਿਆਂ ਵਿਰੁਧ ਲਾਮਬੰਦ ਕਰੇ ਤੇ ਕਰਾਏ। ਸਿਰਫ ਬਿਆਨਬਾਜ਼ੀ ਨਾਲ ਕੰਮ ਨਹੀਂ ਬਨਣਾ, ਹੁਣ ਲੋੜ ਹੈ ਅਮਲ ਦੀ, ਲੋੜ ਹੈ ਐਕਸ਼ਨ ਦੀ, ਲੋੜ ਹੈ ਸਿਖੀ ਨੂੰ ਬਚਾਣ ਦੀ। ਸਿਖੀ ਤਾਂ ਹੀ ਬਚ ਸਕਦੀ ਹੈ ਜੇ ਅਕਾਲੀ ਦਲ ਸਭ ਲਾਲਚ ਛੱਡ ਕੇ ਮੈਦਾਨ ਵਿਚ ਨਿਤਰੇ। ਸਿਖੀ ਤਾਂ ਹੀ ਬਚ ਸਕਦੀ ਹੈ ਜੇ ਸ਼ਰੋਮਣੀ ਕਮੇਟੀ ਇਧਰ ਉਧਰ ਦੇ ਝਮੇਲੇ ਛੱਡ ਕੇ ਸਿਖੀ ਦਾ ਪਰਚਾਰ ਕਰੇ ਤੇ ਸਿਖੀ ਨੂੰ ਮਾਰਨ ਵਾਲਿਆਂ ਨੂੰ ਨੱਥ ਪਾਣ ਦਾ ਉਪਰਾਲਾ ਕਰੇ। ਅਸੀਂ ਮਾਹੌਲ ਵਿਗਾੜਨ ਦੇ ਹੱਕ ਵਿਚ ਨਹੀਂ, ਅਸੀਂ ਕਿਸੇ ਨਾਲ ਲੜਾਈ ਦੇ ਹੱਕ ਵਿਚ ਨਹੀਂ, ਲੇਕਿਨ ਸਿਖੀ ਤੇ ਹੋ ਰਹੇ ਹਮਲੇ ਅਸੀਂ ਚੁਪ ਕਰ ਕੇ ਨਹੀਂ ਸਹਿ ਸਕਦੇ, ਸਿਖੀ ਨੂੰ ਮਿਟੀ ਵਿਚ ਰੋਲਣਾ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਸਿਖ ਕਿਸੇ ਦੇ ਧਰਮ ਵਿਚ ਦਖਲ ਨਹੀਂ ਦਿੰਦੇ ਤੇ ਨਾ ਹੀ ਉਹ ਚਾਹੁੰਦੇ ਹਨ ਕਿ ਉਹਨਾਂ ਦੇ ਧਰਮ ਵਿਚ ਕੋਈ ਦਖ਼ਲ ਦੇਵੇ। ਸਿਖ ਦੇਸ਼ ਦੀ ਰਖਸ਼ਾ ਲਈ ਜੇ ਕੁਰਬਾਨੀ ਦੇ ਸਕਦਾ ਹੈ ਤਾਂ ਉਹ ਸਿਖੀ ਦੀ ਆਨ ਸ਼ਾਨ ਲਈ ਵੀ ਆਪਾ ਵਾਰ ਸਕਦਾ ਹੈ-ਲੇਕਿਨ ਸਬਰ ਸੰਤੋਖ ਦਾ ਉਹ ਦਾਮਨ ਉਦੋਂ ਤਕ ਨਹੀਂ ਛਡਦੇ ਜਦੋਂ ਤਕ ਪਾਣੀ ਸਿਰੋਂ ਨਾ ਲੰਘ ਜਾਏ।

ਸੋ ਸਿਖ ਜੀਊਣਾ ਚਾਹੁੰਦੇ ਹਨ—ਅਮਨ ਨਾਲ ਤੇ ਪਿਆਰ ਨਾਲ ਰਹੋ। ਪਿਆਰ ਤੇ ਸਤਿਕਾਰ ਇਨ੍ਹਾਂ ਨੂੰ ਦਿਓ,ਫਿਰ ਜੋ ਜੀਅ ਕਰਦਾ ਏ ਇਨ੍ਹਾਂ ਕੋਲੋਂ ਲਵੋ। ਨਾ ਇਹ ਅਗੇ ਕਦੇ ਪਿਛੇ ਹਟੇ ਹਨ ਤੇ ਨਾ ਅਗੋਂ ਹਟਣਗੇ।



www.AKJ.Org

# ਹਲਤੁ ਪਲਤੁ ਦੋਵੈ ਗਏ

[ਬੀਬੀ ਦਲਜੀਤ ਕੌਰ ਜੀ, ਅੰਮ੍ਰਿਤਸਰ]

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ, ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ, ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ,
ਓਥੈ ਵੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥
ਤੜ ਸੁਣਿਆ ਸਭਤੁ ਜਗਤ ਵਿਚਿ ਭਾਈ,
ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ,
ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥
ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ, ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥
ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥੧॥੧੨॥

[ਸਲੋਕ ਮ: ੪, ਗਉੜੀ ਕੀ ਵਾਰ, ਪੰਨਾ ੩੦੬

**ਪਦ ਅਰਥ**:–ਗੂਹ ਪੜਿ–ਗੰਦ ਵਿਚ ਪੈ ਕੇ, ਨਿੰਦਾ ਕਰਨੀ, ਗੂੰਹ ਵਿਚ ਪੈਣਾ ।ਤੜ–ਤੁਰਤ ਜਲਦੀ । ਸਣੈ ਨਫਰੈ–ਸਮੇਤ ਨੌਕਰ । ਪਉਲੀ ਪਉਦੀ–ਜੁਤੀਆਂ ਪੈਂਦੀਆਂ । ਫਾਵਾ–ਬਉਰਾ,ਪਾਗਲ । ਵਹੁਟੀ ਭਤੀਜੀ–ਭਤੀਜਿਓਂ ਨੂੰਹ (ਭਤਰੀਏ ਦੀ ਵਹੁਟੀ) । ਅਖਰੁ–ਬਚਨੁ (ਅਟਲ ਬਚਨੁ) ।

ਸਤਿਗੁਰ ਸੇਤੀ ਗਣਤ ਜਿ ਰਖੈ, ਹਲਤੁ ਪਲਤੁ ਸਭੁ ਤਿਸ ਕਾ ਗਇਆ ॥
ਨਿਤ ਝਹੀਆ ਪਾਏ ਝਗੂ ਸੁਟੇ, ਝਖਦਾ ਝਖਦਾ ਝੜਿ ਪਇਆ ॥
ਨਿਤ ਉਪਾਵ ਕਰੈ ਮਾਇਆ ਧਨ ਕਾਰਣਿ, ਅਗਲਾ ਧਨੁ ਭੀ ਉਡਿ ਗਇਆ ॥
ਕਿਆ ਓਹੁ ਖਟੇ ਕਿਆ ਓਹੁ ਖਾਵੈ, ਜਿਸੁ ਅੰਦਰਿ ਸਹਸਾ ਦੁਖੁ ਪਇਆ ॥
ਨਿਰਵੈਰੈ ਨਾਲਿ ਜਿ ਵੈਰੁ ਰਚਾਏ, ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥
ਓਸੁ ਅਗੈ ਪਿਛੈ ਢੋਈ ਨਾਹੀ, ਜਿਸੁ ਅੰਦਰਿ ਨਿੰਦਾ, ਮੁਹਿ ਅੰਬੁ ਪਇਆ ॥
ਜੇ ਸੁਇਨੇ ਨੋ ਓਹੁ ਹਥੁ ਪਾਏ, ਤਾ ਖੇਹੂ ਸੇਤੀ ਰਲਿ ਗਇਆ ॥
ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ, ਤਾ ਪਿਛਲੇ ਅਉਗਣ ਬਖਸਿ ਲਇਆ ॥
ਜਨ ਨਾਨਕ ਅਨਦਿਨੁ ਨਾਮੁ ਧਿਆਇਆ, ਹਰਿ ਸਿਮਰਤ ਕਿਲਵਿਖ ਪਾਪ ਗਇਆ ॥੨॥੧੩॥

[ਮ: ੪, ਗਉੜੀ ਕੀ ਵਾਰ, ਪੰਨਾ ੩੦੭

**ਪਦ ਅਰਥ** :–ਹਲਤੁ ਪਲਤੁ--ਲੋਕ ਪਰਲੋਕ । ਝਹੀਆ ਪਾਏ ਝਗੂ ਸੁਟੇ–ਹਲਕੇ ਕੁਤੇ ਵਾਂਗ ਦੰਦ ਪੀਂਹਦਾ ਅਤੇ ਥੁਕਾਂ ਸੁਟਦਾ ਹੈ । ਝਖਦਾ ਝਖਦਾ--ਖਪਦਾ ਖਪਦਾ । ਅੰਬੁ ਪਇਆ--ਅੰਬਣ ਦਾ ਰੋਗ, ਬੋਲ ਬੋਲਣ ਦੀ ਸ਼ਕਤੀ ਤੋਂ ਹੀਣਾ ਹੋ ਜਾਣਾ।

ਇਹ ਬਾਣੀ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਹੋਈ ਹੈ , ਆਪ ਤੀਜੇ



www.AKJ.Org

ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੇਲੇ ਉਨ੍ਹਾਂ ਦੀ ਅਣਥਕ ਸੇਵਾ ਕਰਦੇ ਹੋਏ, ਗੁਰੂ-ਗਦੀ ਨੂੰ ਪ੍ਰਾਪਤ ਹੋਏ। ਗੁਰੂ ਘਰ ਦੇ ਦੋਖੀ ਜੋ ਗੁਰੂ-ਮਹਿਮਾ ਨੂੰ ਵੇਖ ਕੇ ਈਰਖਾਲੂ ਹੋ ਗਏ ਅਤੇ ਹਮਲਾਵਾਰ ਬਣ ਕੇ ਅਗੇ ਖੜੇ ਹੁੰਦੇ ਤਾਂ ਆਪਣਾ ਲੋਕ ਪਰਲੋਕ ਗਵਾ ਬੈਠਦੇ, ਇਸ ਲਈ ਨਿੰਦਕਾਂ ਦੀ ਇਹ ਹਾਲਤ ਹੁੰਦੀ ਦੇਖ ਮਹਾਰਾਜ ਜੀ ਆਪਣੀ ਬਾਣੀ ਵਿਚ ਕੁਝ ਕੁ ਇਤਿਹਾਸ ਦੀ ਰੌਸ਼ਨੀ ਵਿਚੋਂ ਲੰਘਾ ਕੇ ਆਪਣੇ ਗੁਰਸਿਖਾਂ ਨੂੰ ਲੋਕ ਪਰਲੋਕ ਦੀ ਸਫ਼ਲਤਾ ਬਖਸ਼ਦੇ ਹਨ।

ਇਕ ਦਿਨ ਜਦੋਂ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਸਸ਼ੋਭਤ ਹੋ ਕੇ ਆਪਣੇ ਰਾਜ ਜੋਗ ਤਖਤ ਤੇ ਸੰਗਤਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰ ਰਹੇ ਸਨ ਤਾਂ ਇਕ ਗੋਂਦਾ ਨਾਮ ਦੇ ਖਤ੍ਰੀ ਨੇ ਆਣ ਚਰਨਾਂ ਤੇ ਮਥਾ ਟੇਕਿਆ। ਬੇਨਤੀ ਕੀਤੀ, ਪਾਤਸ਼ਾਹ ! ਜਗਤ ਦੀ ਰਚਨਾ ਦੇ ਜੋ ਗੁਪਤ ਪਰਗਟ ਜੀਵ ਹਨ, ਸਭ ਆਪ ਜੀ ਦੇ ਅਨੁਸਾਰੀ ਹਨ। ਮੇਰਾ ਪਿੰਡ ਜੋ ਕਿਤਨੀ ਵਾਰ ਵਸਾਉਣ ਦੀ ਕੋਸ਼ਿਸ਼ ਕਰਨ ਦੇ ਬਾਵਜੂਦ ਉਜੜਿਆ ਪਿਆ ਹੈ, ਇਥੇ ਭੂਤਾਂ ਪ੍ਰੇਤਾਂ ਨੇ ਆਣ ਵਾਸਾ ਕੀਤਾ ਹੈ। ਕਿਸੇ ਕੰਧ, ਮਕਾਨ ਜਾਂ ਰਹਿਣ ਵਾਲੇ ਨੂੰ ਛਡਦੇ ਨਹੀਂ। ਸੋ ਆਪ ਜੀ ਆਪਣੇ ਚਰਨ ਪਾ ਕੇ ਇਸ ਪਿੰਡ ਨੂੰ ਵਸਾਉਣਾ ਕਰੋ ਜੀ। ਆਪ ਜਿੰਨੀ ਵੀ ਜ਼ਮੀਨ ਧਰਮਸਾਲ ਆਦਿ ਲਈ ਹੁਕਮ ਕਰੋ, ਮੈਂ ਭੇਟਾ ਕਰਨ ਲਈ ਤਿਆਰ ਹਾਂ।

ਸਤਿਗੁਰੂ ਜੀ ਨੇ ਪੁਛਿਆ ਕਿ ਪਿੰਡ ਵਿਚ ਪ੍ਰੇਤਾਂ ਦਾ ਡੇਰਾ ਕਦੋਂ ਤੋਂ ਹੈ ਅਤੇ ਕਦ ਤੋਂ ਉਜੜਿਆ ਹੈ ?

ਗੋਂਦਾ ਕਹਿਣ ਲਗਾ, ਮਹਾਰਾਜ, ਮੇਰਾ ਸ਼ਰੀਕਾਂ ਨਾਲ ਝਗੜਾ ਸੀ ਅਤੇ ਝਗੜਾ ਵਧਦਿਆਂ ਵਧਦਿਆਂ ਅਸੀਂ ਦਿਲੀ ਦੀ ਅਦਾਲਤ ਵਿਚ ਚਲੇ ਗਏ ਤਾਂ ਮੈਂ ਉਥੇ ਧਰਮ ਦੀ ਝੂਠੀ ਸਹੁੰ ਚੁਕੀ। ਜਿਸ ਦੇ ਫਲ ਸਰੂਪ ਮੁਕੱਦਮੇ ਵਿਚੋਂ ਤਾਂ ਮੈਨੂੰ ਜਿਤ ਪ੍ਰਾਪਤ ਹੋ ਗਈ, ਪਰ ਜਦੋਂ ਪਿੰਡ ਵਸਾਇਆ ਤਾਂ ਅਧਰਮ ਹੋਣ ਕਰਕੇ ਇਸ ਜਗ੍ਹਾ ਤੇ ਭੂਤਾਂ ਪ੍ਰੇਤਾਂ ਨੇ ਵਾਸਾ ਕੀਤਾ ਅਤੇ ਥਾਂ ਉਜਾੜ ਦਿੱਤੀ। ਹੁਣ ਆਪ ਕਿਰਪਾ ਕਰਕੇ ਮੇਰਾ ਗੁਨਾਹ ਬਖਸ਼ ਕੇ ਇਸ ਜਗ੍ਹਾ ਨੂੰ ਪਵਿਤਰ ਕਰੋ ਜੀ।

ਸਤਿਗੁਰਾਂ ਆਪਣੇ ਵਡੇ ਸਪੁਤ੍ਰ ਸ੍ਰੀ ਦਾਸੂ ਜੀ ਨੂੰ ਕਿਹਾ ਕਿ ਬੇਟਾ ! ਤੁਸੀਂ ਗੋਂਦੇ ਦੇ ਨਾਲ ਜਾਓ, ਪ੍ਰੇਤਾਂ ਨੂੰ ਕੱਢ ਕੇ ਪਿੰਡ ਵਸਾਓ ਅਤੇ ਲੋਕਾਂ ਨੂੰ ਕਰਮ ਕਾਂਡ ਤੋਂ ਹਟਾ ਕੇ ਪ੍ਰਭੂ-ਭਗਤੀ ਵਿਚ ਲਾਓ। ਸ੍ਰੀ ਦਾਸੂ ਜੀ ਨੇ ਉਤਰ ਦਿਤਾ, "ਐਸੇ ਸਖ਼ਤ ਥਾਨ ਤੇ, ਜੋ ਭੂਤਾਂ ਪ੍ਰੇਤਾਂ ਦਾ ਹੈ, ਮੈਂ ਨਹੀਂ ਜਾ ਸਕਦਾ ਅਤੇ ਨਾ ਹੀ ਕੋਈ ਓਥੇ ਵਸਣ ਲਈ ਤਿਆਰ ਹੋਵੇਗਾ। ਅਸੀਂ ਆਪਣਾ ਖਡੂਰ ਪਿੰਡ ਛਡ ਕੇ ਉਥੇ ਵਸ-ਵਸਾ ਕੇ ਕੀ ਲੈਣਾ ਹੈ ?"

ਹਜ਼ੂਰ ਨੇ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਦਾਤੂ ਜੀ ਨੂੰ ਫ਼ੁਰਮਾਇਆ—"ਬੇਟਾ ! ਇਸ ਖਤ੍ਰੀ ਨਾਲ ਜਾ ਕੇ ਪਿੰਡ ਵਸਾਓ, ਉਪਕਾਰੀ ਬਣੋ।" ਦਾਤੂ ਜੀ ਕਹਿਣ ਲਗੇ, "ਇਥੇ ਹਜ਼ਾਰਾਂ ਲੋਕ ਆਉਂਦੇ ਹਨ, ਕਿਸ ਕਿਸ ਨਾਲ ਜਾ ਕੇ ਅਸੀਂ ਉਨ੍ਹਾਂ ਨੂੰ ਵਸਾਈਏ। ਆਪਣੇ ਘਰ ਕਿਸੇ ਚੀਜ਼ ਦੀ ਤੋਟ ਨਹੀਂ। ਇਥੇ ਹੀ ਠੀਕ ਹਾਂ।"

ਆਪ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਆਗਿਆ ਕੀਤੀ, "ਪੁਰਖਾ ! ਤੂੰ ਜਾਹ, ਉਥੇ ਜਾ ਕੇ ਪੁਰੀ ਵਸਾਉਣੀ ਕਰ, ਜੋ ਹਰੀ ਜਸ ਦੀ ਹੀ ਪੁਰੀ ਕਰਕੇ ਪ੍ਰਸਿਧ ਹੋਵੇ।" ਸ੍ਰੀ ਅਮਰ ਦਾਸ ਜੀ ਸਤਿਗੁਰਾਂ ਦਾ ਬਚਨ ਸੁਣਦੇ ਸਾਰ ਹੀ ਉਠ ਖੜੋਤੇ। ਸਤਿਗੁਰੂ ਜੀ ਨੇ ਆਪਣੇ ਹਸਤ ਕਮਲਾਂ ਤੋਂ ਇਕ ਸੁੰਦਰ ਛਟੀ ਬਖਸ਼ਿਸ਼ ਕੀਤੀ ਅਤੇ ਬਚਨ ਕੀਤਾ, ਜਿਥੋਂ ਜਿਥੋਂ ਤਕ ਤੁਸੀਂ ਇਸ ਛਟੀ ਨੂੰ ਫੇਰੋਗੇ, ਅਸ਼ੁਭ ਥਾਂ ਸ਼ੁਭ ਹੋ ਜਾਏਗੀ ਅਤੇ ਕੋਈ ਭੂਤ ਪ੍ਰੇਤ ਨਹੀਂ ਰਹੇਗਾ। ਪੂਰਬ ਵਾਲੇ ਪਾਸੇ ਆਪਣੇ ਰਹਿਣ ਲਈ ਜਗ੍ਹਾ ਬਣਾ ਕੇ ਰਹੋ। ਹੋਰ ਲੋਕ ਵੀ ਆ ਵਸਣਗੇ।

ਸ੍ਰੀ ਅਮਰ ਦਾਸ ਜੀ ਗੁਰੂ ਜੀ ਦੇ ਸਨਮੁਖ ਹੋ ਕੇ ਪਿਛਲੇ ਪੈਰੀਂ ਹੋ ਕੇ ਗੋਂਦੇ ਨਾਲ ਚਲੇ ਗਏ। ਸਾਰਾ ਰਾਹ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ ਗਏ। ਉਥੇ ਪਹੁੰਚ ਕੇ ਮਹਾਰਾਜ ਜੀ ਦੀ ਬਖਸ਼ੀ ਛਟੀ ਸਾਰੇ ਪਿੰਡ ਵਿਚ ਫੇਰੀ। ਪ੍ਰੇਤਾਂ ਨੂੰ ਭਾਜ ਪੈ ਗਈ। ਨਸ ਗਏ। ਆਗਿਆ ਅਨੁਸਾਰ ਸ੍ਰੀ ਅਮਰ ਦਾਸ ਜੀ ਨੇ ਵਾਹਿਗੁਰੂ



www.AKJ.Org

ਜਾਪੁ ਕਰਦਿਆਂ ਪਿੰਡ ਦੇ ਚੁਗਿਰਦੇ ਜਲ ਛਿੜਕਣਾ ਕੀਤਾ ਅਤੇ ਸੁੰਦਰ ਨਗਰੀ ਦੀ ਉਸਾਰੀ ਆਰੰਭ ਹੋ ਗਈ। ਗੋਂਦੇ ਦੇ ਨਾਮ ਤੇ ਉਸ ਦਾ ਨਾਂ ਗੋਇੰਦਵਾਲ ਰਖ ਦਿਤਾ।

ਸਮਾਂ ਪਾ ਕੇ ਗੋਂਦਾ ਖਤ੍ਰੀ ਦੇ ਕਾਲ-ਵਸ ਹੋ ਜਾਣ ਤੇ ਉਸ ਦੀ ਔਲਾਦ ਗੁਰੂ ਘਰ ਦੇ ਜਸ ਨੂੰ, ਪੈਸੇ ਨੂੰ ਵੇਖ ਵੇਖ ਕੇ ਈਰਖਾ ਵਿਚ ਸੜਨ ਲਗੀ। ਇਕ ਦਿਨ ਗੁਰੂ ਅਮਰ ਦਾਸ ਜੀ ਕੋਲ ਗਏ ਅਤੇ ਕਹਿਣ ਲਗੇ "ਇਹ ਪਿੰਡ ਸਾਡਾ ਹੈ, ਤੁਸੀਂ ਇਥੇ ਰਹਿੰਦੇ ਹੋ। ਤੁਹਾਨੂੰ ਹੁਣ ਬਹੁਤ ਹੀ ਆਮਦਨ ਹੈ, ਕਿਉਂਕਿ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਉਂਦੀਆਂ ਤੇ ਭੇਟਾ ਲਿਆਉਂਦੀਆਂ ਹਨ, ਸਾਨੂੰ ਸਾਡਾ ਹਿਸਾ ਦਿਓ।" ਸਤਿਗੁਰੂ ਜੀ ਨੇ ਫੁਰਮਾਇਆ "ਇਥੇ ਜਿੰਨੀ ਸੰਗਤ ਦੀ ਚੜ੍ਹਤ ਆਉਂਦੀ ਹੈ, ਉਸ ਨਾਲ ਲੰਗਰ ਲਗਦੇ ਹਨ। ਸ਼ਾਮ ਨੂੰ ਸਭ ਕੁਛ ਵਰਤਾ ਕੇ ਭਾਂਡੇ ਮੂਧੇ ਕਰ ਦਿਤੇ ਜਾਂਦੇ ਹਨ। ਤੁਸੀਂ ਵੀ ਲੰਗਰ ਛਕ ਸਕਦੇ ਹੋ। ਮਾਇਆ ਲੋੜਵੰਦਾਂ ਲਈ ਹੈ, ਨਾ ਕਿ ਰਜੇ ਪੁੱਜੇ ਲੋਕਾਂ ਲਈ।

[ਬਾਕੀ ਦੇਖੋ ਸਫ਼ਾ ੪੧ ਦੇ ਹੇਠ].

# ਅਨੋਖਾ ਸ਼ਹੀਦ ਬਾਬਾ ਦੀਪ ਸਿੰਘ ਜੀ

[ਵਲੋਂ—ਬੇਦੀ ਲਾਲ ਸਿੰਘ ਜੀ ਸਾਹਿਤਕਾਰ]

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਉਪਰੋਕਤ ਮਹਾਂ ਵਾਕ ਦੀ ਪੂਰਨ ਅਨੁਵਾਦ ਕਹੀ ਜਾ ਸਕਦੀ ਹੈ। ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਕੁਰਬਾਨੀ ਦੀ ਮਿਸਾਲ ਸਾਰੇ ਵਿਸ਼ਵ ਦੇ ਇਤਿਹਾਸ ਵਿਚ ਕਿਧਰੇ ਵੀ ਨਹੀਂ ਮਿਲਦੀ। ਬਾਬਾ ਦੀਪ ਸਿੰਘ ਜੀ ਸਿੱਖ ਧਰਮ, ਸਿੱਖ ਰਹਿਤ ਮਰਿਯਾਦਾ; ਸਿੱਖੀ ਧਰਮ ਦੇ ਪ੍ਰਚਾਰ ਤੇ ਸੰਚਾਰ ਸੰਪੂਰਨ ਯੂਨੀਵਰਸਿਟੀ ਸਨ। ਬਾਬਾ ਜੀ ਮਹਾਨ ਜਰਨੈਲ, ਉਘੇ ਰਹਿਬਰ, ਸਚੇ-ਸੁਚੇ ਪੂਰਨ ਗੁਰਸਿੱਖ ਹੋਣ ਦੇ ਨਾਲ ਨਾਲ ਮਹਾਨ ਵਿਦਵਾਨ ਵੀ ਸਨ। ਆਪ ਜੀ ਦੀ ਅਮੁੱਲੀ ਅਗਵਾਈ ਨੇ ਸਿੱਖ ਪੰਥ ਦੀਆਂ ਔਕੜਾ ਤੇ ਜੋਖਮ ਭਰੀਆਂ ਘੜੀਆਂ ਵਿੱਚ ਮਿਸਾਲੀ ਅਗਵਾਈ ਕੀਤੀ ਹੈ।

ਬਾਬਾ ਜੀ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕਰਨ ਤੇ ਉਹਨਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਰਿਹਾ ਹੈ। ਆਪ ਜੀ ਨੇ ਸਾਰਾ ਜੀਵਨ ਹੀ ਗੁਰੂ ਜੀ ਦੇ ਹੁਕਮਾਂ ਅਨੁਸਾਰ ਕਿਰਤ ਕਰ, ਵੰਡ ਛੱਕ ਕੇ ਨਾਮ ਜਪ ਕੇ ਬਿਤਾਇਆ ਹੈ। ਬਾਬਾ ਦੀਪ ਸਿੰਘ ਜੀ ਨੇ ਪੰਥ ਦੇ ਪ੍ਰਚਾਰ ਲਈ ਮਿਹਨਤ ਅਤੇ ਲਗਨ ਨਾਲ ਸੇਵਾ ਨਿਭਾਈ ਹੈ। ਬਾਬਾ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਦੀਆਂ ਚਾਰ ਪੋਥੀਆਂ ਆਪਣੇ ਕਰ-ਕਮਲਾਂ ਨਾਲ ਉਤਾਰਾ ਕਰ ਕੇ ਸਿੱਖ ਧਰਮ ਦੇ ਚਾਰ ਤਖ਼ਤ ਸਾਹਿਬਾਨ ਨੂੰ ਭੇਜੀਆਂ ਸਨ। ਬਾਬਾ ਜੀ ਹੀ ਸਿਖ ਧਰਮ ਦੇ ਪਹਿਲੇ ਵਿਦਵਾਨ ਹਨ ਜਿਨ੍ਹਾਂ ਨੇ ਆਦਿ ਗ੍ਰੰਥ ਜੀ ਨੂੰ ਅਰਬੀ ਭਾਸ਼ਾ ਵਿਚ ਅਨੁਵਾਦ ਕਰ ਕੇ ਅਰਬ ਦੇਸ਼ ਵਿਚ ਪਰਚਾਰ ਹਿਤ ਭੇਜਿਆ ਸੀ।

ਆਪ ਜੀ ਨੇ ਆਪਣੇ ਪਵਿਤਰ ਕਰ-ਕਮਲਾਂ ਨਾਲ ਅਨੇਕਾਂ ਗੁਟਕਿਆਂ ਦਾ ਉਤਾਰਾ ਕਰ ਕੇ, ਲੋੜਵੰਦ ਗੁਰਮੁਖਾਂ ਨੂੰ ਭੇਟਾ ਕੀਤੇ। ਬਾਬਾ ਜੀ ਨੇ ਗੁਰਦੁਆਰਾ ਦਮਦਮਾ ਸਾਹਿਬ ਵਿਚ ਵਿਦਿਆਰਥੀਆਂ ਨੂੰ ਧਾਰਮਿਕ ਸਿਖਿਆ ਦੇਣ ਦਾ ਯੋਗ ਪਰਬੰਧ ਕੀਤਾ। ਅਨੇਕਾਂ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ।

ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਸਾਰਾ ਜੀਵਨ ਜ਼ੋਰ, ਜ਼ੁਲਮ, ਅਨਿਆਂ ਦੇ ਵਿਰੁਧ ਅਤੇ ਗੁਰਧਾਮਾਂ ਦੀ ਪਵਿਤਰਤਾ ਕਰਨ ਤੇ ਖਾਲਸੇ ਦਾ ਬੋਲ ਬਾਲਾ ਕਰਨ ਵਿਚ ਬਤੀਤ ਹੋਇਆ ਹੈ। ਸ਼ਹੀਦ ਹਰ ਕੌਮ, ਹਰ ਦੇਸ਼ ਲਈ ਪ੍ਰੇਰਨਾ ਸਰੋਤ ਹੁੰਦੇ ਹਨ। ਅਸੀਂ ਸਾਰੇ ਵਡਭਾਗੀ ਹਾਂ ਕਿ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਤੀਸਰੀ ਜਨਮ-ਸਤਾਬਦੀ ਮਨਾ ਰਹੇ ਹਾਂ।



www.AKJ.Org

# ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ

[ਲਾਲਾ ਧਨੀ ਰਾਮ ਜੀ ਚਾਤ੍ਰਿਕ]

ਅਹਿਮਦ ਸ਼ਾਹ ਦੁਰਾਨੀਆ ਆ ਕੇ ਵਿਚ ਪੰਜਾਬ,
ਭੜਥੂ ਪਾਇਆ ਜ਼ੁਲਮ ਦਾ ਝੱਲੇ ਕੋਈ ਨਾ ਤਾਬ।
ਸ੍ਰੀ ਅੰਮ੍ਰਿਤਸਰ ਜੀ ਗੁਰਦਵਾਰਾ। ਆ ਇਸ ਨੇ ਬਹੁ ਪਾਪ ਗੁਜ਼ਾਰਾ।
ਮੰਦਰ ਦੀ ਬੇਅਦਬੀ ਕਰੇ। ਖ਼ੌਫ਼ ਕਿਸੇ ਦਾ ਮੂਲ ਨਾ ਧਰੇ।
ਬਾਬਾ ਦੀਪ ਸਿੰਘ ਜੀ ਪਿਆਰੇ। ਬੈਠੇ ਸੀ ਦਮਦਮੇ ਮਝਾਰੇ।
ਜਦ ਸੁਣਿਆ ਜ਼ੁਲਮਾਂ ਦਾ ਹਾਲ। ਜੀ ਵਿਚ ਆਇਆ ਬੜਾ ਉਬਾਲ।
ਉਸੇ ਸਮੇਂ ਕਰ ਲਏ ਤਿਆਰੇ। ਕਾਰਜ ਹੋਰ ਵਿਸਾਰੇ ਸਾਰੇ।
ਅੰਮ੍ਰਿਤਸਰ ਵਲ ਕੀਤੀ ਧਾਈ। ਰਸਤੇ ਵਿਚ ਇਹ ਸੱਦ ਸੁਣਾਈ :
"ਜਿਨ ਜਿਨ ਹੋਣਾ ਹੋਇ ਸ਼ਹੀਦ। ਕਲਗੀਧਰ ਦੇ ਪ੍ਰੇਮ ਮੁਰੀਦ।
"ਨਾਲ ਅਸਾਡੇ ਚਲਿਆ ਆਵੇ। ਧਰਮ ਹੇਤ ਸਿਰ ਭੇਟ ਚੜ੍ਹਾਵੇ।"
ਦੋਹੀ ਸੁਣ ਕੇ ਧਰਮ ਦੀ ਜਾਗਿਆ ਪੰਥ ਪਿਆਰ।
ਸੂਰਾ ਸਿਰ ਬਲੀ ਦੇਣ ਨੂੰ ਜੁੜਿਆ ਪੰਜ ਹਜਾਰ।
ਏਧਰ ਸੈਨਾ ਜੁੜੀ ਦੁਰਾਨੀ। ਸਿੰਘਾਂ ਦੀ ਜੋ ਦੁਸ਼ਮਨ ਜਾਨੀ।
ਦਲ ਕਾਲੇ ਬਦਲ ਵਤ ਛਾਏ। ਖ਼ਾਲੀ ਕੋਈ ਨਾ ਥਾਉਂ ਦਿਸਾਏ।
ਅੰਮ੍ਰਿਤਸਰੋਂ ਗੋਲ੍ਹਵੜ ਤੋੜੀ। ਛੇ ਕੋਹਾਂ ਵਿਚ ਸੈਨਾ ਜੋੜੀ।
ਸਿੰਘ ਸੂਰਮੇ ਪੰਜ ਹਜ਼ਾਰ। ਤੁਰਕਾਂ ਦਾ ਕੁਝ ਪਾਰ ਨਾ ਵਾਰ।
ਪਰ ਸ੍ਰੀ ਗੁਰ ਫ਼ੌਜਾਂ ਦਾ ਵਾਲੀ। 'ਧਰਮ ਕਲਾ ਜਿਨ ਬੰਨ੍ਹ ਬਹਾਲੀ'।
ਬੀਰਾਂ ਦੇ ਹਿਰਦੇ ਵਿਚ ਵੱਸੇ। ਫਿਰ ਰਣ ਵਿਚੋਂ ਕਿਹੜਾ ਨੱਸੇ।
ਲੈ ਹਿਰਦੇ ਵਿਚ ਧਰਮ ਪਿਆਰ। ਮਰਨੇ ਨੂੰ ਤਹਿਕੀਕ ਵਿਚਾਰ।
ਚੱਲ ਪਈ ਓੜਕ ਤਲਵਾਰ। ਗੋਲ੍ਹਵੜ ਦੇ ਲਾਗੇ ਵਾਰ।
ਬਾਬਾ ਜੀ ਹੋ ਗਏ ਦਲੇਰ। ਕਹਿੰਦੇ, ਸਿੰਘੋ, ਬਣਨਾ ਸ਼ੇਰ।
ਸਫ਼ਾਂ ਚੀਰਦੇ ਤੁਰਦੇ ਆਣਾ। ਅੰਮ੍ਰਿਤਸਰ ਚਲ ਦਰਸ਼ਨ ਪਾਣਾ।
ਇਥੋਂ ਛੀ ਕੋਹਾਂ ਦੀ ਵਾਟ। ਲੰਘ ਦਿਖਾਣਾ ਔਘਟ ਘਾਟ।
ਸਿੰਘਾਂ ਸੂਤ ਲਈ ਤਲਵਾਰ। ਲਗੇ ਕਰਨ ਦੁਸ਼ਟ ਸੰਘਾਰ।
ਬਿਜਲੀ ਵਾਂਗ ਕਰੇਂਦੀ ਧਾਈ। ਤੁਰਕ ਰਕਤ ਦੀ ਨਦੀ ਵਗਾਈ।
ਦੋ ਕੋਹਾਂ ਦੇ ਵਿਚ ਦਰਿਆਇ। ਲਹੂ ਦਾ ਇਕ ਦੇਣ ਵਹਾਇ।
ਸਿਰ ਤੁਰਕਾਂ ਦੇ ਰੁੜ੍ਹਦੇ ਫਿਰਦੇ। ਧੜ ਹੀ ਧੜ ਰਹਿ ਗਏ ਚੁਗਿਰਦੇ।
ਦੋ ਕੋਹਾਂ ਵਿਚ ਧਰਤੀ ਸਾਰੀ। ਮੁਰਦੇ ਕਰ ਕੇ ਫੌਜ ਖਿਲਾਰੀ।
ਗੱਜਦੇ ਆਵਣ ਦੂਲੇ ਸ਼ੇਰ। ਲਾਈ ਜਾਵਣ ਤੁਰਕਾਂ ਢੇਰ।
ਲੜਦੇ ਮਰਦੇ ਮਾਰਦੇ ਲਹੂ ਨਦੀ ਵਹਾਇ।
ਸ੍ਰੀ ਗੁਰਦਵਾਰੇ ਰਾਮਸਰ ਲਾਗੇ ਪਹੁੰਚੇ ਆਇ। -



www.AKJ.Org

ਏਥੇ ਫ਼ੌਜ ਜੁੜੀ ਸੀ ਭਾਰੀ। ਸਿੰਘਾਂ ਦੀ ਜਿਨ ਵਾਗ ਖੁਲ੍ਹਾਰੀ।
ਤੁਰਕਾਂ ਸਿੰਘਾਂ ਦਾ ਘਮਸਾਣ। ਬਹੁਤੇ ਲੱਥੇ ਲਹੂ ਘਾਣ।
ਪੰਜ ਹਜ਼ਾਰੀ ਸ਼ਾਹ ਜ਼ਮਾਨ। ਆ ਜੁੱਟਾ ਬਾਬਾ ਜੀ ਨਾਲ।
ਕੱਲੇ ਕੱਲੇ ਕਰਨ ਲੜਾਈ। ਲਾਂਭੇ ਸਾਰੀ ਫੌਜ ਹਟਾਈ।
ਇਕ ਦੂਏ ਪਰ ਵਾਰ ਚਲਾਵਨ। ਆਪਣਾ ਆਪਣਾ ਦਾਉ ਬਚਾਵਨ।
ਓੜਕ ਪੈ ਦੋਹਾਂ ਦੇ ਵਾਰ। ਦੋਹਾਂ ਦੇ ਗਏ ਸਿਰ ਉਤਾਰ।
ਸ਼ਾਹ ਜ਼ਮਾਨ ਨੇ ਦਿਤੀ ਜਾਨ। ਡਿਗ ਪਿਆ ਹੋ ਲਹੂ ਲੁਹਾਨ।
ਬਾਬਾ ਜੀ ਵੀ ਹੋਏ ਸ਼ਹੀਦ। ਕਲਗੀਧਰ ਦੇ ਸਚ ਮੁਰੀਦ।
ਵਾਜ ਇਕ ਦੂਰੋਂ ਉੱਚੀ ਆਈ: "ਬਾਬਾ ਜੀ ਕਰ ਗਏ ਚੜ੍ਹਾਈ।
"ਹਾਂ, ਹਾਂ, ਇਹ ਕੀ ਕਾਰਾ ਭਿਆ। ਬਚਨ ਇਨ੍ਹਾਂ ਦਾ ਐਵੇਂ ਗਿਆ।
"ਮਰਨਾ ਸੀ ਅੰਮ੍ਰਿਤਸਰ ਜਾ ਕੇ। ਹਰਿਮੰਦਰ ਦਾ ਦਰਸ਼ਨ ਪਾ ਕੇ।"
ਬਾਬਾ ਜੀ ਨੇ ਹੱਥ ਹਿਲਾਯਾ। ਪ੍ਰਣ ਆਪਣਾ ਨਹਿੰ ਅਸਾਂ ਭੁਲਾਯਾ।
ਸਿਰ ਫੜਿਆ ਇਕ ਹੱਥ ਮਝਾਰ। ਦੂਜੇ ਹੱਥ ਫੜੀ ਤਲਵਾਰ।
ਪ੍ਰੇਮੀ ਪੈਰ ਪਏ ਫਿਰ ਚੱਲ। ਸ੍ਰੀ ਹਰਿਮੰਦਰ ਪਿਆਰੇ ਵੱਲ।
ਖੜਗ ਕਰੇ ਤੁਰਕਾਂ ਪਰ ਵਾਰ। ਪੈਰ ਤੁਰਨੰ ਗੁਰ-ਗਲੀ ਮਝਾਰ।
ਏਸੇ ਦਸ਼ਾ ਵਿਚ ਕਈ ਮਾਰੇ। ਆ ਪਹੁੰਚੇ ਆਪਣੇ ਗੁਰਦਵਾਰੇ।
ਦੱਖਣ ਦੀ ਨੁਕਰ ਪਰ ਆ ਕੇ। ਹਰਿਮੰਦਰ ਦੇ ਦਰਸ਼ਨ ਪਾ ਕੇ।
ਪ੍ਰਾਣ ਸਰੀਰੋਂ ਹੋਇ ਨਿਆਰੇ। ਜਾ ਪਹੁੰਚੇ ਗੁਰਪੁਰੀ ਮਝਾਰੇ।

ਧਰਮ ਪਾਲ ਪ੍ਰਣ ਪਾਲਿਆ, ਕੀਤਾ ਜੁੱਧ ਅਪਾਰ।
ਫਤੇ ਗਜਾ ਕੇ ਅੰਤ ਦੀ, ਗੁਰਪੁਰ ਗਏ ਸਿਧਾਰ।
ਬਾਬਾ ਜੀ ਸਿਰ ਵਾਰ ਕ ਰਖੀ ਧਰਮ ਦੀ ਆਨ।
ਐਸੇ ਬੀਰਾਂ ਨਾਲ ਹੀ ਚਮਕ ਰਿਹਾ ਅਸਮਾਨ।

['ਚਾਤ੍ਰਿਕ ਰਚਨਾਵਲੀ' ਵਿਚੋਂ

---

[ਸਫ਼ਾ ੩੯ ਦੀ ਬਾਕੀ]

ਇਹ ਧਨ ਦੇ ਭੁਖੇ ਫ਼ਰਿਆਦੀ ਬਣ ਕੇ, ਆਪਣੇ ਪਿੰਡ ਦੀ ਆਮਦਨ ਦੇ ਦਾਅਵੇਦਾਰ ਬਣ ਕੇ ਅਕਬਰ ਦੇ ਦਰਬਾਰ ਵਿਚ ਪੁਜੇ। ਇਕ ਪਠਾਣ ਜੋ ਗੁਰੂ ਘਰ ਦਾ ਸ਼ਰਧਾਵਾਨ ਅਤੇ ਬਾਦਸ਼ਾਹ ਦਾ ਨਿਕਟਵਰਤੀ ਸੀ, ਉਸ ਨੇ ਸਾਰਾ ਸਹੀ ਬ੍ਰਿਤਾਂਤ ਬਾਦਸ਼ਾਹ ਨੂੰ ਦਸ ਦਿਤਾ।

ਮੁਗ਼ਲਾਂ ਦੀ ਪਾਤਸ਼ਾਹੀ ਵੇਲੇ ਜਦੋਂ ਕੋਈ ਮਨੁਖ ਫ਼ਰਿਆਦੀ ਬਣ ਕੇ ਪਾਤਸ਼ਾਹ ਦੇ ਦਰਬਾਰ ਵਿਚ ਜਾਂਦਾ ਸੀ ਤਾਂ ਉਸ ਨੂੰ ਇਕ ਖ਼ਾਸ ਕਾਲਾ ਨੀਲਾ ਜੁੱਲਾ ਜਿਹਾ ਪਹਿਨਣਾ ਪੈਂਦਾ ਸੀ ਜਿਸ ਤੋਂ ਜਾਣਿਆ ਜਾਂਦਾ ਸੀ ਕਿ ਉਹ ਕੋਈ ਫ਼ਰਿਆਦ ਕਰਨ ਆਇਆ ਹੈ। ਇਹ ਗੋਦੜਾ ਇਸੇ ਮਤਲਬ ਲਈ ਉਥੇ ਰਖਿਆ ਹੁੰਦਾ ਸੀ। ਬਹੁਤਿਆਂ ਦੇ ਵਰਤਣ ਕਰਕੇ ਇਹ ਬਹੁਤ ਮੈਲਾ, ਗੰਦਾ, ਜੂੰਆਂ ਨਾਲ ਭਰਿਆ ਹੋਇਆ ਅਤੇ ਬਦਬੂ ਵਾਲਾ ਹੁੰਦਾ ਸੀ। ਜਦੋਂ ਇਹ ਨੀਲਾ ਕਾਲਾ ਜੂੰਆਂ ਵਾਲਾ ਗੋਦੜਾ ਪਾ ਕੇ ਵੇਮੁਖ ਮਰਵਾਹਾ ਆਪਣੇ ਨੌਕਰ ਸਮੇਤ ਪੁਕਾਰ ਕਰਨ ਗਿਆ ਤਾਂ ਅਗੋਂ ਜੁਤੀਆਂ ਦੀ ਮਾਰ ਪਈ ਅਤੇ ਸਣੇ ਨੌਕਰ ਦੇ ਫਾਵਾ ਹੋਇ ਘਰ ਪਰਤਿਆ। ਅਗੋਂ ਕੋਲ ਬਹਿਣਾ ਸੋ ਇਕ ਪਾਸੇ, ਮਥੇ ਵੀ ਕੋਈ ਨਾ ਲਗਣ ਦੇਵੇ। ਇਸ ਤਰ੍ਹਾਂ ਇਹ ਭੁਖਾ ਤਿਹਾਇਆ ਭਤੀਜਿਓਂ-ਨੂੰਹ ਕੋਲ ਰੁਲ ਰੁਲ ਕੇ ਮਰ ਗਿਆ।

www.AKJ.Org

# 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੮੨ ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਨਵੇਂ ਵਧੇ ਰੇਟਾਂ ਅਨੁਸਾਰ ਪੰਜਾਹ ਪੰਜਾਹ ਰੁਪਏ ਹੋਰ ਪੁਜੇ ਹਨ। ਇਨ੍ਹਾਂ ਦੀ ਸਾਂਝੀ ਬਣਵਾਈ ਗਈ ਐਫ. ਡੀ. ਦਾ ਨੰਬਰ ਇਹ ਹੈ——੩੧੦੪੨੬/੪੧/੮੨ ਮਿਤੀ ੨੦.੧.੮੨ ਤੋਂ ੨੦.੧.੮੫, ਰਕਮ ੪੧੦੦/–ਰੁਪਏ।

ਸ: ਖਜ਼ਾਨ ਸਿੰਘ ਅੰਮ੍ਰਿਤਸਰ (ਚਿਟ ਨੰਬਰ ੩੮੦੬), ਮੈ: ਗੁਰਬਖਸ਼ ਸਿੰਘ ਅਵਤਾਰ ਸਿੰਘ ਨਾਗਪਾਲ ੩੦੧੦), ਸ: ਹਰਚੰਦ ਸਿੰਘ (੩੦੧੩), ਸ: ਅਜੀਤ ਸਿੰਘ ਦਿਲੀ (੩੦੪੩), ਮਾ: ਜਸਵੰਤ ਸਿੰਘ ਪਕੇ ਦਰ (੩੦੪੬), ਭਾਈ ਗੁਰਮੁਖ ਸਿੰਘ ਜਬਲਪੁਰ (੩੦੪੮), ਗਿ: ਬਚਿੰਤ ਸਿੰਘ ਮਨੌਲੀ (੩੦੬੩), ਸਾਰਜੰਟ ਹਰਸੇਵ ਸਿੰਘ ਸੈਨੀ (੩੦੬੮); ਕੈਪਟਿਨ ਅਮਰ ਸਿੰਘ (੩੦੭੮), ਸ: ਕਿਰਪਾਲ ਸਿੰਘ ਅੰਮ੍ਰਿਤਸਰ (੩੦੮੫), ਸ: ਜਗਦੀਸ਼ ਸਿੰਘ ਜੈਪੁਰ (੩੦੯੧), ਪ੍ਰੋਫ਼ੈਸਰ ਠਾਕਰ ਸਿੰਘ (੩੧੨੦), ਸ: ਹਰਬੰਸ ਸਿੰਘ ਘੁਮਣ (੩੧੪੫), ਸ: ਸੁਬੇਗ ਸਿੰਘ ਮੰਨਣ (੩੧੫੦), ਸ: ਦਵਿੰਦਰ ਸਿੰਘ ਨਵੀਂ ਦਿਲੀ (੩੧੫੫), ਸ: ਦਵਿੰਦਰ ਸਿੰਘ ਫ਼ੋਰਮੈਨ ਖੇਤਰੀ ਨਗਰ (੩੧੬੩), ਸ: ਜਸਵੰਤ ਸਿੰਘ ਸਮਰਾੜੀ (੩੧੮੫), ਸ: ਜਗਜੀਤ ਸਿੰਘ ਗਰੇਵਾਲ (੩੧੮੬), ਸ: ਗੁਰਦੇਵ ਸਿੰਘ ਇੰਜੀਨੀਅਰ (੩੧੮੯), ਸ: ਰਾਜਿੰਦਰ ਸਿੰਘ ਲਖਨਊ (੩੨੧੨), ਸ: ਜਰਨੈਲ ਸਿੰਘ ਸੰਘਾ (੩੨੧੩), ਸ: ਕੰਵਲਜੀਤ ਸਿੰਘ ਮੈਨੇਜਰ (੩੨੨੧), ਸ: ਗੁਰਬਖਸ਼ ਸਿੰਘ ਕਪੂਰਥਲਾ (੩੨੨੬), ਸ: ਹਰਿੰਦਰ ਸਿੰਘ ਸਹਾਰਨਪੁਰ (੩੨੩੪), ਸ: ਕਿਰਪਾਲ ਸਿੰਘ ਸੁਪਰਵਾਈਜ਼ਰ (੩੨੬੬), ਸ: ਕਿਰਪਾਲ ਸਿੰਘ ਗਰੇਵਾਲ (੩੨੭੨), ਸ: ਜਗਜੀਤ ਸਿੰਘ ਚੰਨੇਵਾਲਾ (੩੨੮੬), ਸ: ਹਰਨਾਮ ਸਿੰਘ ਨਵੀਂ ਦਿਲੀ (੩੨੯੯), ਬੀ: ਹਰਦੀਪ ਕੌਰ ਦਿੱਲੀ (੩੩੦੧), ਸ: ਕਿਰਪਾਲ ਸਿੰਘ ਲੁਧਿਆਣਾ (੩੩੧੪), ਬੀਬੀ ਗੁਰਦੀਪ ਕੌਰ ਬਲਵਿੰਦਰ ਕੌਰ (੩੩੩੩), ਲੈ: ਕਰਨਲ ਸਰਦੂਲ ਸਿੰਘ (੩੩੩੫), ਸ: ਕੁਲਵੰਤ ਸਿੰਘ ਗਿੱਲ ਸਰਹਿੰਦ (੩੩੭੨), ਸ: ਬੇਅੰਤ ਸਿੰਘ ਜੰਡਿਆਲਾ (੩੩੭੬), ਸ: ਜੋਗਿੰਦਰ ਸਿੰਘ ਮੁੰਦਰਾ (੩੩੯੩), ਸ: ਨਰਿੰਦਰ ਸਿੰਘ ਮਿ: ਡੇਰੀ ਫ਼ਾਰਮ (੩੪੨੬), ਸ: ਤ੍ਰਿਲੋਚਨ ਸਿੰਘ ਸੋਨੀਪਤ (੨੪੪੩). ਸ: ਹਰਬੰਸ ਸਿੰਘ ਲੁਧਿਆਣਾ (੩੪੪੬), ਸ: ਪਰਮਜੀਤ ਸਿੰਘ ਦੂਆ (੩੪੪੭); ਸ: ਮੰਗਲ ਸਿੰਘ ਢੁਡੀਆਂ ਵਾਲਾ (੩੪੫੧), ਬੀਬੀ ਹਰਿੰਦਰ ਕੌਰ ਲੁਧਿਆਣਾ (੩੪੭੩), ਸ: ਕਰਤਾਰ ਸਿੰਘ ਗਰੀਬ (੩੪੭੮), ਸੁਕੈਡਰਨ ਲੀਡਰ ਜਸਪਿੰਦਰ ਸਿੰਘ ਗਿੱਲ(੩੪੮੫), ਸ੍ਰੀਮਤੀ ਰਾਮ ਪਿਆਰੀ ਟੀਚਰੈਸ (੩੫੨੨), ਸ੍ਰੀਮਤੀ ਸੁਰਜੀਤ ੌਰ ਫਿਰੋਜ਼ਪੁਰ ਛਾ: (੩੫੩੮), ਗੁਰਦਵਾਰਾ ਸਾਹਿਬ ਆਰਸਲ ਪਾਰਸਲ (੩੫੪੪), ਸ: ਕਿਰਪਾਲ ਸਿੰਘ ਨੰਬਰਦਾਰ (੩੫੫੫), ਸ: ਇੰਦਰਪਾਲ ਸਿੰਘ ਲੁਧਿਆਣਾ (੩੫੬੮), ਸ: ਗੁਰਚਰਨ ਸਿੰਘ ਪਠਲਾਵਾ (੩੫ ੮) ਸ: ਚਰਨਜੀਤ ਸਿੰਘ ਸੇਠੀ (੩੫੯੬), ਸ: ਜੋਗਿੰਦਰ ਸਿੰਘ ਲਖਨਊ (੩੬੦੦), ਸ: ਸੁਰਜੀਤ ਸਿੰਘ ਪੁਰੀ (੩੬੧੪); ਸ: ਸੁਰਜੀਤ ਸਿੰਘ ਵੈਦ (੩੬੧੫), ਸ: ਰਤਨ ਸਿੰਘ ਫਿਰੋਜ਼ਪੁਰ ਛਾ: (੩੬੧੮), ਸ: ਦਲੀਪ ਸਿੰਘ ਨਵੀਂ ਦਿੱਲੀ (੩੬੩੬), ਸ: ਸਤਨਾਮ ਸਿੰਘ ਫਿਰੋਜ਼ਪੁਰ (੩੬੫੮), ਬੀਬੀ ਸੁਰਿੰਦਰ ਕੌਰ ਭੁੰਗਰਨੀ(੩੬੬੫), ਵਾਰੰਟ ਅਫਸਰ ਜੀਤ ਸਿੰਘ (੩੬੭੦), ਸ: ਸੁਖਦੇਵ ਸਿੰਘ ਐਂਡ ਸੰਨਜ਼ (੩੬੮੧), ਮਾ: ਕੁੰਦਨ ਸਿੰਘ ਨੁਸ਼ਹਿਰਾ ਪਨੂਆਂ (੩੬੯੧), ਸ: ਨਿਰਮਲ ਸਿੰਘ ਸੰਧੂ (੩੭੩੫), ਲੈਂਸ ਨੈਕ ਸਤਨਾਮ ਸਿੰਘ (੩੭੪੫), ਸ: ਨਿਰੰਜਨ ਸਿੰਘ ਚੰਡੀਗੜ੍ਹ(੩੭੫੦), ਸ: ਹਰਬੀਰ ਸਿੰਘ ਲੁਧਿਆਣਾ(੩੭੬੧), ਮਾ: ਬਲਦੇਵ ਸਿੰਘ ਫੂਲਾਂਵਾਲ (੩੭੬੫), ਗੁਰਦਵਾਰਾ ਸਾਹਿਬ ੩੬੨ ਸਿਗਨਲ ਰਜਮੈਂਟ (੩੭੬੮); ਸ: ਮਿਤ ਸਿੰਘ ਲੁਧਿਆਣਾ (੩੭੭੧), ਸ: ਹਰਮਿੰਦਰ ਸਿੰਘ ਸਮਰਾਲਾ (੩੭੭੫), ਡਾ: ਬਲਵੰਤ ਸਿੰਘ ਬਲ (੩੭੯੦), ਭਾ: ਸੋਹਣ ਸਿੰਘ ਨਵੀਂ ਦਿੱਲੀ (੩੭੯੧), ਸ: ਹਰਮਿੰਦਰ ਸਿੰਘ ਮਨਜੀਤ ਸਿੰਘ (੩੮੪੭), ਸ: ਸੁਰਜੀਤ ਸਿੰਘ ਸੇਖੋਂ (੩੮੪੯), ਬਾਵਾ ਗੁਰਦਿੱਤ ਸਿੰਘ ਭਲਾ (੩੮੫੦), ਸ: ਸੁਖਦਰਸ਼ਨ ਸਿੰਘ ਫਿਰੋਜ਼ਪੁਰ ( ੮੫੧), ਡਾਕਟਰ ਹਰਮੀਤ ਸਿੰਘ ਭਲਾ (੩੮੬੦), ਸ: ਗੋਬਿੰਦ ਸਿੰਘ ਰੇਡੀਓ ਗਰਾਫ਼ਰ (੩੮੬੨), ਸ: ਗੁਰਮੇਲ ਸਿੰਘ ਫਿਰੋਜ਼ਪੁਰ ਛਾ: (੩੮੬੫), ਸ: ਰੂਪਿੰਦਰ ਸਿੰਘ ਫ਼ਿਰੋਜ਼ਪੁਰ (੩੮੮੨), ਸ: ਦਵਿੰਦਰ ਸਿੰਘ ਫਿਰੋਜ਼ਪੁਰ (੩੮੮੩), ਸ: ਜੋਗਿੰਦਰ ਸਿੰਘ ਜੈਪੁਰ (੩੯੧੬), ਸ: ਪਰਤਾਪ ਸਿੰਘ ਕਾਨ੍ਹਪੁਰ (੩੯੨੦), ਬੀ: ਹਰਵਿੰਦਰ ਕੌਰ ਦਿੱਲੀ (੩੯੨੩)।



www.AKJ.Org

ਸੋਧ ਲਓ ਪੰਨਾ ੩੪ ਹੈਡਿੰਗ 'ਹਥਹੁ ਦੇਹਿ' ਵਿਚ "ਦੇਇ" ਠੀਕ ਹੈ।

# 'ਸੂਰਾ' ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 13 ਪਾਠਕਾਂ ਵਿਚੋਂ ਚਿਟ ਨੰਬਰ 3960/2032 ਤੇ 3964/2176 ਯੂ.ਕੇ. ਵਲੋਂ 650/-, 650/- ਅਤੇ ਚਿਟ ਨੰਬਰ 3961/2229 ਅਮਰੀਕਾ ਤੇ 3963/2201 ਕੈਨੇਡਾ ਵਲੋਂ 750/-, 750/- ਅਤੇ ਬਾਕੀ ਭਾਰਤ ਦੇ ਨੌਵਾਂ ਮੈਂਬਰਾਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ। ਬੈਂਕ ਤੋਂ ਇਨ੍ਹਾਂ ਸਭਨਾਂ ਪਾਠਕਾਂ ਦੀ ਸਾਂਝੀ ਐਫ਼.ਡੀ. ਬਣਵਾ ਦਿਤੀ ਗਈ ਹੈ,ਜਿਸਦਾ ਨੰਬਰ ਹੈ 310427/42/82 ਮਿਤੀ 20.1.82 ਤੋਂ 20.1.85, ਰਕਮ 2800/- ਰੁਪਏ।

ਬੀਬੀ ਗੁਰਬਚਨ ਕੌਰ ਦਾਦੂਪੁਰ (ਚਿਟ ਨੰਬਰ 3953), ਸ. ਕੁਲਵੰਤ ਸਿੰਘ ਮੇਰਠ ਛਾ: (3954), ਜੇ. ਐਸ. ਰਿਸ਼ੀਰਾਜ ਲੁਧਿਆਣਾ (3955), ਸ: ਗੁਰਮੁਖ ਸਿੰਘ ਫ਼ਿਰੋਜ਼ਪੁਰ ਸ਼ਹਿਰ (3956) ਸ: ਬੇਅੰਤ ਸਿੰਘ ਗਢੋਕ ਨਵੀਂ ਦਿਲੀ (3957), ਸ: ਸੁਖਬੀਰ ਸਿੰਘ ਚੀਮੇ (3958), ਸ: ਸੁਚੇਤ ਸਿੰਘ ਬੇਦੀ ਨਵੀਂ ਦਿਲੀ (3959), ਸ: ਰਘਬੀਰ ਸਿੰਘ ਯੂ.ਕੇ. (3960/2032), ਸ: ਦਲਜੀਤ ਸਿੰਘ ਦਿਉਲ ਅਮਰੀਕਾ (3961/2229), ਸ: ਅਵਤਾਰ ਸਿੰਘ ਮਹਿਤਾ ਐਂਡ ਸਨਜ਼ (3962), ਸ: ਸੰਤਾ ਸਿੰਘ ਕੈਨੇਡਾ (3963/2201), ਸ: ਅਵਤਾਰ ਸਿੰਘ ਯੂ.ਕੇ. (3964/2176) ਸ: ਪੁਨੀਤ ਸਿੰਘ ਸੇਠੀ ਨਵੀਂ ਦਿਲੀ (3965)।

---

# 'ਸੂਰਾ' ਮਾਸਕ ਪੱਤਰ ਦੇ ਨਿਸ਼ਕਾਮ ਸੇਵਕ

ਗੁਰਬਾਣੀ, ਗੁਰਮਤਿ ਪਰਚਾਰ ਅਤੇ ਤੱਤ ਗੁਰਸਿਖ ਰਹਿਤ ਰਹਿਣੀ ਨੂੰ ਨਿਖਾਰ ਕੇ ਪਰਚਾਰਨ ਵਾਲੇ 'ਸੂਰਾ' ਮਾਸਕ ਪੱਤਰ ਨੂੰ ਘਰ ਘਰ ਪਹੁੰਚਾਉਣ ਲਈ ਨਿਸ਼ਕਾਮ ਸੇਵਕਾਂ ਦੀ ਹਰ ਸ਼ਹਿਰ ਵਿਚ ਲੋੜ ਹੈ। ਇਸੇ ਮਨਸ਼ਾ ਨੂੰ ਮੁਖ ਰਖ ਕੇ ਭਾਈ ਬਲਵੰਤ ਸਿੰਘ ਜੀ ਖਾਲਸਾ, ਮਕਾਨ ਨੰਬਰ 39ਬੀ, ਗਲੀ ਨੰਬਰ 2, ਕਾਸ਼ੀ ਨਗਰੀ ਫਿਰੋਜ਼ਪੁਰ ਸ਼ਹਿਰ, ਆਪਣੀ ਕਿਰਤ-ਕਾਰ ਵਿਚੋਂ ਵਧ ਤੋਂ ਵਧ ਵਕਤ ਕਢ ਕੇ, ਪੂਰੀ ਲਗਨ ਨਾਲ 'ਸੂਰਾ' ਦੇ ਨਵੇਂ ਮੈਂਬਰ ਬਣਾਉਣ ਲਈ ਜੁਟੇ ਰਹਿੰਦੇ ਹਨ। ਆਪ ਤਨੋਂ ਮਨੋਂ ਇਸ ਸੇਵਾ ਨੂੰ ਨਿਸ਼ਕਾਮ ਰਹਿ ਕੇ ਨਿਭਾ ਰਹੇ ਹਨ। ਇਥੋਂ ਤਕ ਕਿ ਕਈ ਸਜਣਾਂ ਦੇ ਚੰਦੇ ਆਪਣੇ ਪਾਸੋਂ ਜਮ੍ਹਾ ਕਰਵਾ ਕੇ ਉਨ੍ਹਾਂ ਨੂੰ ਗੁਰਮਤਿ ਮਾਰਗ ਵਲ ਲਾਉਂਦੇ ਹਨ। ਭਾਈ ਜੀਵਨ ਸਿੰਘ ਜੀ ਹਜ਼ੂਰੀ ਕੀਰਤਨੀਏ ਪਹਿਲਾਂ ਤੋਂ ਹੀ 'ਸੂਰਾ' ਮਾਸਕ ਪੱਤਰ ਦੇ ਨਵੇਂ ਮੈਂਬਰਾਂ ਦੇ ਚੰਦੇ ਆਪਣੇ ਕੋਲੋਂ ਜਮ੍ਹਾ ਕਰਵਾ ਕੇ ਦੇਸਾਂ ਪਰਦੇਸਾਂ ਵਿਚ ਗੁਰਮਤਿ ਪਰਚਾਰ ਦਾ ਉਦਮ ਕਰਦੇ ਆ ਰਹੇ ਹਨ। ਸਤਿਗੁਰੂ ਸੇਵਕਾਂ ਦੀ ਘਾਲ ਥਾਇਂ ਪਾਉਣ ਅਤੇ ਗੁਰਸਿਖ ਸੰਗਤਾਂ ਨੂੰ ਸਹੀ ਅਰਥਾਂ ਵਿਚ ਗੁਰਸਿਖੀ ਜੀਵਨ ਜੀਉਣ ਦੀ ਸੋਝੀ ਬਖਸ਼ਦੇ ਰਹਿਣ।

---

**ਲੇਖਕ ਸਜਣੋ**—ਆਪਣੇ ਲੇਖ ਘੋਖ ਵਿਚਾਰ ਕੇ ਅਤੇ ਸੋਧ-ਸੁਧਾਈ ਕਰ ਕੇ ਭੇਜੋ ਜੀ। ਲੇਖ ਕਾਗਜ਼ ਦੇ ਇਕੋ ਪਾਸੇ ਲਿਖੋ ਅਤੇ ਹਾਸ਼ੀਆ ਛਡ ਕੇ ਲਿਖਿਆ ਹੋਣਾ ਚਾਹੀਦਾ ਹੈ।

ਜਿਹੜੇ ਸਜਣ ਕਿਸੇ ਪੁਸਤਕ ਆਦਿ ਵਿਚੋਂ ਕੋਈ ਸਤਰਾਂ ਜਾਂ ਕਿਸੇ ਲੇਖ ਦਾ ਕੋਈ ਹਿੱਸਾ ਨੋਟ ਕਰ ਕੇ ਭੇਜਣ,ਉਹ ਉਸ ਪੁਸਤਕ ਅਤੇ ਉਸ ਲੇਖਕ ਦਾ ਹਵਾਲਾ ਜ਼ਰੂਰ ਦੇਣ। ਜੇ ਹਵਾਲਾ ਦੇਣਾ ਭੁਲ ਜਾਏ ਤਾਂ ਫਿਰ ਉਹ ਚੋਰੀ ਸਮਝੀ ਜਾਂਦੀ ਹੈ। ਸੋ ਇਸ ਗੱਲ ਤੋਂ ਬਚਣ ਦਾ ਖ਼ਿਆਲ ਜ਼ਰੂਰ ਰਖਿਆ ਜਾਵੇ।(ਸੰਪਾਦਕ)

---

## ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ (ਚਲਦਾ ਵਹੀਰ) ਵਲੋਂ ਪਿੰਡਾਂ ਵਿਖੇ ਕੀਰਤਨ

ਨਿਹੰਗ ਸਿੰਘ ਭਾਈ ਮਹਿੰਦਰ ਸਿੰਘ ਜੀ ਪਿੰਡ ਰਾਂਪੁਰ ਸੂਚਿਤ ਕਰਦੇ ਹਨ ਕਿ ਸ਼ਹੀਦਾਂ ਦੀ ਯਾਦ ਵਿਚ ਪਿੰਡਾਂ ਵਿਚ ਰਾਤ 7 ਤੋਂ 10 ਤਕ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਹੋ ਰਹੇ ਹਨ – ਫ਼ਰਵਰੀ 1-ਢੱਡਾ ਸਨੇਰਾ, 4-ਮਾਧੋਪੁਰ, 8-ਰਾਸਗੋ, 11-ਮਾਣਕ ਢੇਰੀ, 15-ਬੀਰਮਪੁਰ, 18-ਕਸਬਾ, 22-ਨਰਿਆਲਾ, 25-ਸਰਿਆਲਾ ਮੁੰਡੀਆਂ।

---

## ਪਿੰਡ ਝਾਂਡੇ (ਲੁਧਿਆਣਾ) ਵਿਖੇ ਅਖੰਡ ਕੀਰਤਨ

ਦਾਸ ਦੇ ਗ੍ਰਿਹ ਵਿਖੇ ਸਵੇਰੇ ਸਹਿਜ ਪਾਠ ਦੇ ਭੋਗ ਤੋਂ ਉਪਰੰਤ 11 ਵਜੇ ਤਕ ਕੀਰਤਨ ਸਮਾਗਮ ਹੋਣਗੇ। ਦਰਸ਼ਨ ਦੇ ਕੇ ਧੰਨਵਾਦੀ ਬਣਾਓ ਜੀ।

ਦਾਸਰਾ-ਗੁਰਚਰਨ ਸਿੰਘ ਡਾਕਟਰ, ਪਿੰਡ ਝਾਂਡੇ, ਡਾਕਘਰ ਬਦੋਵਾਲ (ਲੁਧਿਆਣਾ)

www.AKJ.Org

## ਪਟਿਆਲਾ ਸਾਲਾਨਾ ਅਖੰਡ ਕੀਰਤਨ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ

ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਹੋ ਰਹੇ ਪ੍ਰੋਗਰਾਮਾ ਦਾ ਵੇਰਵਾ :-

| | |
|---|---|
| 5 ਫਰਵਰੀ ਦੂਜੇ ਸ੍ਰੀ ਅਖੰਡ ਪਾਠ ਦਾ ਅਰੰਭ ਸਵੇਰੇ 6-15<br>ਸ਼ਾਮ 5 ਤੋਂ 8 ਅਖੰਡ ਕੀਰਤਨ | ਗੁਰੂ ਤੇਗ ਬਹਾਦਰ ਨਿਵਾਸ ਦੇ ਨੇੜੇ ਪ੍ਰਾਇਮਰੀ ਸਕੂਲ ਵਿਚ<br>ਗੁਰਦਵਾਰਾ ਸਾਹਿਬ ਪੰਜਾਬੀ ਯੂਨੀਵਰਸਿਟੀ |
| 6 ਫਰਵਰੀ ਸਵੇਰੇ 5 ਤੋਂ 11 ਹਜ਼ੂਰੀ ਕੀਰਤਨ<br>ਸ਼ਾਮ 5 ਤੋਂ 8 ਹਜ਼ੂਰੀ ਕੀਰਤਨ | ਸ੍ਰੀ ਫਤਹਗੜ੍ਹ ਸਾਹਿਬ ਸਰਹੰਦ ਵਿਖੇ<br>ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ |
| 7 ਫਰਵਰੀ ਸਵੇਰੇ 4 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ 5 ਤੋਂ 12 ਹਜ਼ੂਰੀ ਕੀਰਤਨ | " " , " |

ਸ਼ਾਮ 5 ਵਜੇ ਅੰਮ੍ਰਿਤ ਸਿੰਚਾਰ, ਰਾਤ 7 ਵਜੇ ਰੈਣ ਸਬਾਈ ਕੀਰਤਨ ਅਰੰਭ, ਸੋਮਵਾਰ ਸਵੇਰੇ 6 ਵਜੇ ਸਮਾਪਤੀ

ਦਾਸਰੇ–ਅਖੰਡ ਕੀਰਤਨੀ ਜਥਾ, ਪਟਿਆਲਾ

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ 6-30 ਤੋਂ 8-30 ਤਕ ਹੋ ਰਹੇ ਸਮਾਗਮਾ ਦਾ ਵੇਰਵਾ -
2 ਫ਼ਰਵਰੀ ਤੇਗ ਨੇੜੇ ਫਿਲੌਰ, 9 ਫ਼ਰਵਰੀ ਲੋਹਾਰਾ (ਆਲਮਗੀਰ ਵਲ), 16 ਫ਼ਰਵਰੀ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ
23 ਫ਼ਰਵਰੀ ਬੱਲੋਵਾਲ (ਆਲਮਗੀਰ ਵਲ), 2 ਮਾਰਚ ਗੁੜੇ (ਸਿਧਵਾਂ ਬੇਟ ਵਲ)।

ਦਾਸਰਾ–ਦਰਸ਼ਨ ਸਿੰਘ ਡਾਕਟਰ 8/9 ਪੀ ਏ. ਯੂ. ਲੁਧਿਆਣਾ

## ਮਾਸਕ ਰੈਣ ਸਬਾਈ ਕੀਰਤਨ ਪਿੰਡ ਘਨਗਸ (ਲੁਧਿਆਣਾ) ਵਿਖੇ

ਭਾਈ ਧਰਮ ਸਿੰਘ ਜੀ ਦੇ ਗ੍ਰਿਹ ਪਿੰਡ ਘਨਗਸ ਵਿਖੇ 13 ਫ਼ਰਵਰੀ ਸ਼ਨਿਵਾਰ ਦੀ ਰਾਤ ਨੂੰ ਰੈਣ ਸਬਾਈ ਹੋ ਰਹੀ ਹੈ। ਆਇ ਦੀਦਾਰ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ। "ਪਿੰਡ ਘਨਗਸ" ਮੰਡੀ ਅਹਿਮਦਗੜ੍ਹ ਤੇ ਮੰਡੀ ਪਾਇਲ ਦੇ ਦਰਮਿਆਨ ਬੱਸ ਅੱਡਾ ਹੈ।

ਪੁਛ-ਗਿਛ ਮਾ: ਉਜਾਗਰ ਸਿੰਘ ਖਾਲਸਾ, ਪਿੰਡ ਫਰਵਾਲੀ ਜ਼ਿਲਾ ਸੰਗਰੂਰ।

## ਅੰਬਾਲਾ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਿਹ ਵਿਖੇ 13 ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੀਦਾਰੇ ਬਖਸ਼ ਕੇ ਕਿਰਥਾਰਥ ਕਰੋ ਜੀ।

ਦਾਸਰੇ–ਅਵਤਾਰ ਸਿੰਘ ਦਵਿੰਦਰ ਕੌਰ ਖਾਲਸਾ. 283- ਪ੍ਰੇਮ ਨਗਰ ਅੰਬਾਲਾ ਸ਼ਹਿਰ

## ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ (ਚਲਦਾ ਵਹੀਰ) ਵਲੋਂ ਕੀਰਤਨ ਪ੍ਰੋਗਰਾਮ

13 ਫ਼ਰਵਰੀ 1982 ਸ਼ਨੀਵਾਰ ਰਾਤ ਨੂੰ 8 ਤੋਂ 10-30 ਤਕ ਗੁਰਦੁਆਰਾ ਸਾਹਿਬ ਪਿੰਡ ਬਾਗੜੀਆਂ (ਤਰਨਤਾਰਨ ਦੇ ਨੇੜੇ) ਅਤੇ 20 ਫ਼ਰਵਰੀ 1982 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

**'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ**

Title : Navketan Press, Asr.

www.AKJ.Org